# ਅਧਿਆਇ - 2

# ਰਵਿੰਦਰ ਰਵੀ ਦੀ ਕਾਵਿ ਸੰਵੇਦਨਾ : ਸਰੋਕਾਰ ਅਤੇ ਸੁਹਜ ਸੰਚਾਰ

ਸੰਵੇਦਨਾ ਇੱਕ ਅਜਿਹਾ ਪਰਿਭਾਸ਼ਿਕ ਸ਼ਬਦ ਹੈ ਜੋ ਆਪਣੇ ਨਿਸ਼ਚਿਤ ਅਰਥਾਂ ਦੇ ਨਾਲ ਨਾਲ ਬਹੁਤ ਸਾਰੇ ਆਮ ਸੁਭਾਵਿਕ ਅਰਥਾਂ ਨੂੰ ਵੀ ਸਮਾਈ ਬੈਠਾ ਹੈ। ਸਾਧਾਰਨ ਅਰਥਾਂ ਵਿੱਚ ਸੰਵੇਦਨਾ ਨੂੰ ਜਜ਼ਬਾਤ ਗ੍ਰਹਿਣ ਕਰਨ ਵਾਲੀ ਸ਼ਕਤੀ ਦੇ ਰੂਪ ਵਿੱਚ ਲਿਆ ਜਾਂਦਾ ਹੈ। ਇਸ ਦਾ ਸੰਬੰਧ ਮਨੁੱਖੀ ਗਿਆਨ ਇੰਦਰੀਆਂ ਦੀ ਅਜਿਹੀ ਸ਼ਕਤੀ ਨਾਲ ਹੈ ਜਿਸ ਰਾਹੀਂ ਮਨੁੱਖ ਆਪਣੇ ਆਲੇ-ਦੁਆਲੇ ਵਿੱਚ ਵਾਪਰਦੇ ਨੂੰ ਸ਼ਿੱਦਤ ਨਾਲ ਅਨੁਭਵ ਕਰਦਾ ਹੋਇਆ ਚੇਤੰਨ ਪੱਧਰ ਉੱਤੇ ਗ੍ਰਹਿਣ ਕਰਦਾ ਹੈ ਭਾਵੇਂ ਇਸ ਦਾ ਸੰਬੰਧ ਮਨੁੱਖ ਦੀਆਂ ਬੌਧਿਕ ਚੇਤਨਾਵਾਂ ਨਾਲੋਂ ਕੋਮਲ ਭਾਵਨਾਵਾਂ ਨਾਲ ਵਧੇਰੇ ਹੈ। ਸੋ ਸੰਵੇਦਨਾ ਦਾ ਸੰਬੰਧ ਕਿਸੇ ਨ ਕਿਸੇ ਰੂਪ ਵਿੱਚ ਮਨੁੱਖੀ ਭਾਵਨਾ ਅਤੇ ਚੇਤਨਾ ਨਾਲ ਕਾਫੀ ਡੂੰਘਾ ਹੈ।

ਇਸ ਸ਼ਬਦ ਦੇ ਸ਼ਾਬਦਿਕ ਅਰਥ ਨੂੰ ਪੂਰੀ ਤਰ੍ਹਾਂ ਸਮਝਣ ਲਈ ਵੱਖੋ-ਵੱਖਰੇ ਕੋਸ਼ਾਂ ਵਿੱਚ ਪਾਏ ਜਾਣ ਵਾਲੇ ਵਿਭਿੰਨ ਅਰਥਾਂ ਦਾ ਵਰਗੀਕਰਨ ਕਰਨਾ ਜ਼ਰੂਰੀ ਹੈ। ਪੰਜਾਬੀ ਦੀ ਸਾਹਿਤਿਕ ਸ਼ਬਦਾਵਲੀ ਵਿੱਚ ਇਸ ਨੂੰ sensibility ਦੇ ਪਰਿਆਇ ਵਜੋਂ ਪ੍ਰਯੋਗ ਕੀਤਾ ਜਾਂਦਾ ਹੈ। ਸੰਵੇਦਨਾ ਮੂਲ ਰੂਪ ਵਿੱਚ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। 'ਮਾਨਕ ਹਿੰਦੀ ਕੋਸ਼' ਅਨੁਸਾਰ :

> "ਸੰਵੇਦਨਾ ਸ਼ਬਦ, ਵੇਦਨਾ ਸ਼ਬਦ ਤੋਂ ਪਹਿਲਾ 'ਸਮ' ਉਪਸਰਗ ਦੇ ਜੋੜ ਤੋਂ ਬਣਿਆ ਹੈ। ਵੇਦਨਾ ਦਾ ਅਰਥ ਹੈ ਦੁੱਖ, ਪੀੜ, ਪ੍ਰਤੀਤੀ, ਅਨੁਭਵ ਆਦਿ। 'ਸਮ' ਦਾ ਅਰਥ ਹੈ ਚੰਗੀ ਤਰ੍ਹਾਂ ਜਾਂ ਭਲੀ ਪ੍ਰਕਾਰ। ਇਸ ਤਰ੍ਹਾਂ ਸਮ+ਵੇਦਨਾ ਦੇ ਜੋੜ ਤੋਂ ਸੰਵੇਦਨਾ ਸ਼ਬਦ ਬਣਿਆ ਹੈ ਜਿਸ ਦਾ ਅਰਥ ਹੋਇਆ ਕਿਸੇ ਦੇ ਦੁੱਖ ਨੂੰ ਚੰਗੀ ਤਰ੍ਹਾਂ ਸਮਝਣਾ।"[1]

ਭਾਈ ਕਾਨ੍ਹ ਸਿੰਘ ਨਾਭਾ ਦੇ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚ ਸੰਵੇਦਨਾ ਦਾ ਮੂਲ ਸੰਵੇਦ ਮੰਨਿਆ ਗਿਆ ਹੈ ਅਤੇ ਇਸ ਅਨੁਸਾਰ :

> "ਸੰਵੇਦ ਤੋਂ ਭਾਵ ਹੈ ਗਿਆਨ, ਜਾਣਨਾ ਤੇ ਚੰਗੀ ਤਰ੍ਹਾਂ ਸਮਝਣਾ।"[2]

ਇਸ ਤਰ੍ਹਾਂ ਸਰ ਐਮ ਮੋਨੀਅਰ ਨੇ 'A Sanskrit English Dictionary' ਵਿੱਚ ਵੀ ਸੰਵੇਦਨਾ ਸ਼ਬਦ ਨੂੰ ਸੰਵੇਦ ਸ਼ਕਤੀ ਨਾਲ ਜੋੜਿਆ ਹੈ। ਉਸ ਅਨੁਸਾਰ :

> "ਸੰਵੇਦ ਸ਼ਕਤੀ ਤੋਂ ਭਾਵ ਜਾਗਰੂਕ ਹੋਣਾ, ਸਾਮਿਅਕ ਰੂਪ ਵਿੱਚ ਜਾਣਨਾ, ਗਿਆਨ ਪ੍ਰਾਪਤ ਕਰਨਾ, ਵੇਖਣਾ, ਕਿਸੇ ਨਤੀਜੇ ਉੱਪਰ ਪੁੱਜਣਾ ਅਤੇ ਪ੍ਰਗਟ ਕਰਨਾ ਹੁੰਦਾ ਹੈ।"[3]

'The Oxford Companion to English Literature' ਅਨੁਸਾਰ ਅੰਗਰੇਜ਼ੀ ਸਾਹਿਤ ਵਿੱਚ Sensibility ਸ਼ਬਦ ਨੂੰ ਪਹਿਲੀ ਵਾਰ ਜੇਨ ਆਸਟਨ ਨੇ 18ਵੀਂ ਸਦੀ ਵਿੱਚ ਵਰਤਿਆ। ਜੇਨ ਆਸਟਨ ਨੇ ਆਪਣੇ ਨਾਵਲ ਦਾ ਨਾਂ 'Sense and Sensibility' ਰੱਖਿਆ।[4] ਪਰ 'Princeton Encyclopedia of Poetry and Poetics' ਅਨੁਸਾਰ :

> "ਸ਼ਾਇਦ ਸੰਵੇਦਨਾ ਸ਼ਬਦ ਦੀ ਸਭ ਤੋਂ ਪਹਿਲੀ ਮਹੱਤਵਪੂਰਣ ਵਰਤੋਂ 1735 ਦੇ ਸਮਾਚਾਰ ਪੱਤਰ 'The Prompter' ਦੇ ਇੱਕ ਪਹਿਰੇ ਵਿੱਚ ਕੀਤੀ ਗਈ ਸੀ। ਜਿਸ ਵਿੱਚ ਲੇਖਕ ਨੇ ਮਾਨਵਤਾ ਦਾ ਪੱਖ ਰੱਖਦਿਆਂ ਕਿਹਾ ਸੀ ਕਿ ਮਾਨਵਤਾ ਸ਼ੁਭ ਕਾਰਜਾਂ ਨਾਲ ਹੀ ਸੰਤੁਸ਼ਟ ਨਹੀਂ ਹੁੰਦੀ ਸਗੋਂ ਦੂਜਿਆਂ ਦੀ ਬਿਪਤਾ ਨੂੰ ਵੀ ਆਂਤਰਿਕ ਪੀੜਾ ਵਾਂਗ ਮਹਿਸੂਸ ਕਰਦੀ ਹੈ। ਇਸ ਕਰਕੇ ਇਸ ਨੂੰ ਸੰਵੇਦਨਾ ਨਾਂ ਦਿੱਤਾ ਗਿਆ ਹੈ।"[5]

ਇਸ ਤਰ੍ਹਾਂ ਸੰਵੇਦਨਾ ਦਾ ਅਰਥ ਮਨੁੱਖ ਦੀ ਉਸ ਭਾਵੁਕ ਬੌਧਿਕ ਸਮਰੱਥਾ ਨਾਲ ਹੈ ਜਿਸ ਰਾਹੀਂ ਉਹ ਆਪਣੇ ਆਲੇ ਦੁਆਲੇ ਦੇ ਸੰਸਾਰ ਵਿੱਚ ਵਾਪਰ ਰਹੇ ਨੂੰ ਡੂੰਘੀ ਅਪਣੱਤ ਨਾਲ ਗ੍ਰਹਿਣ ਕਰਦਾ ਹੈ ਅਤੇ ਉਸ ਬਾਰੇ ਆਪਣੀ ਰਾਏ ਬਣਾਉਂਦਾ ਹੈ। ਦੂਜੇ ਸ਼ਬਦਾਂ ਵਿੱਚ ਇੱਕ ਇਨਸਾਨ ਦਾ ਦੂਜੇ ਇਨਸਾਨ ਦੇ ਦੁੱਖ ਸੁੱਖ ਪ੍ਰਤੀ ਸੰਵੇਦਨਸ਼ੀਲ ਹੋਣਾ ਹੀ ਸੰਵੇਦਨਾ ਹੈ। 'ਮਾਨਕ ਹਿੰਦੀ ਵਿਸ਼ਾਲ ਸ਼ਬਦ ਕੋਸ਼' ਦੇ ਰਚੈਤਾ ਨੇ ਵੀ ਸੰਵੇਦਨਾ ਨੂੰ ਇਸੇ ਨਾਲ ਜੋੜਿਆ ਹੈ। ਇਸ ਕੋਸ਼ ਅਨੁਸਾਰ ਸੰਵੇਦਨਾ ਤੋਂ ਭਾਵ ਹੈ :

> "ਮਨ ਵਿੱਚ ਹੋਣ ਵਾਲਾ ਬੋਧ ਜਾਂ ਅਨੁਭਵ, ਅਨੁਭੂਤੀ, ਕਿਸੇ ਨੂੰ ਕਸ਼ਟ ਵਿੱਚ ਦੇਖ ਕੇ ਮਨ ਵਿੱਚ ਹੋਣ ਵਾਲਾ ਦੁੱਖ; ਸਹਾਨੁਭੂਤੀ।"[6]

'The Oxford English Dictionary' ਵਿੱਚ ਸੰਵੇਦਨਾ ਦਾ ਸਾਹਿਤ ਨਾਲ ਰਿਸ਼ਤਾ ਜੋੜਦਿਆਂ ਲਿਖਿਆ ਗਿਆ ਹੈ :

> "ਸੰਵੇਦਨਾ ਅਨੁਭਵ ਕਰਨ ਦੀ ਪ੍ਰਕਿਰਤੀ, ਮਹਿਸੂਸ ਕਰਨ ਦੀ ਸ਼ਕਤੀ, ਕਾਮਨਾ ਅਤੇ ਪ੍ਰਤੱਖ ਗਿਆਨ ਨਾਲੋਂ ਭਿੰਨ ਕਿਸੇ ਵਸਤੂ ਦੇ ਪ੍ਰਤੀ ਜਾਗਰੂਕਤਾ ਜਾਂ ਉਸਨੂੰ ਮਨ ਤੋਂ ਮਹਿਸੂਸ ਕਰਨਾ ਹੈ। ਸਾਹਿਤ ਵਿੱਚ ਇਸ ਨੂੰ ਸਾਧਾਰਨੀਕਰਨ ਦੀ ਭੂਮਿਕਾ ਨਾਲ ਜੋੜਿਆ ਜਾ ਸਕਦਾ ਹੈ।"[7]

ਭਾਰਤੀ ਕਾਵਿ ਸ਼ਾਸਤਰ ਵਿੱਚ ਸਾਧਾਰਨੀਕਰਨ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ 'ਭੱਟਨਾਇਕ'[8] ਨੇ ਕੀਤੀ ਸੀ। ਸਾਧਾਰਨੀਕਰਨ ਦਾ ਅਰਥ ਹੈ :

> "ਅਸਾਧਾਰਨ ਨੂੰ ਸਾਧਾਰਨ ਕਰਨ ਦੀ ਕਿਰਿਆ।"[9]

ਅਨੁਭੂਤੀ ਤਾਂ ਹਰ ਮਨੁੱਖ ਵਿੱਚ ਹੁੰਦੀ ਹੈ ਪਰ ਅਨੁਭੂਤੀ ਦਾ ਸਾਧਾਰਨੀਕਰਨ ਕਰਨ ਦੀ ਸ਼ਕਤੀ ਹਰ ਮਨੁੱਖ ਵਿੱਚ ਨਹੀਂ ਹੁੰਦੀ। ਸਾਹਿਤਕਾਰ ਅਜਿਹਾ ਕਰਨ ਦੀ ਸਮਰੱਥਾ ਰੱਖਦਾ ਹੈ। ਸਾਧਾਰਨੀਕਰਨ ਸਾਹਿਤਕਾਰ ਦੇ ਅਨੁਭਵ ਦਾ ਹੁੰਦਾ ਹੈ। ਜਦੋਂ ਸਾਹਿਤਕਾਰ ਆਪਣੇ ਅਨੁਭਵ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦਾ ਹੈ ਕਿ ਉਸਦਾ ਨਿੱਜੀ ਅਨੁਭਵ ਨਿੱਜੀ ਨਾ ਰਹਿ ਕੇ ਸਮੂਹਿਕ ਹੋ ਜਾਂਦਾ ਹੈ ਉਦੋਂ ਪਾਠਕ ਤੱਕ ਇਹ ਸੰਵੇਦਨਾ ਸਾਧਾਰਨੀਕਰਨ ਰਾਹੀਂ ਸੰਚਾਰਿਤ ਹੁੰਦੀ ਹੈ। ਇਹ ਸਾਹਿਤਕਾਰ ਉੱਤੇ ਨਿਰਭਰ ਹੁੰਦਾ ਹੈ ਕਿ ਉਹ ਸੰਵੇਦਨਾ ਨੂੰ ਸਾਹਿਤ ਦੇ ਕਿਹੜੇ ਰੂਪ ਵਿੱਚ ਪ੍ਰਗਟ ਕਰਨ ਵਿੱਚ ਸਮਰੱਥ ਹੈ ਕਿਉਂਕਿ ਇੱਕ ਸਾਹਿਤਕਾਰ ਆਪਣੇ ਅਨੁਭਵ ਪ੍ਰਗਟ ਕਰਨ ਲਈ ਵੱਖ-ਵੱਖ ਵਿਧਾਵਾਂ ਦਾ ਪ੍ਰਯੋਗ ਕਰ ਸਕਦਾ ਹੈ। ਸਾਹਿਤਕਾਰ ਆਪਣੀ ਸੰਵੇਦਨਾ ਦਾ ਪ੍ਰਗਟਾ ਨਾਵਲ, ਕਹਾਣੀ, ਨਾਟਕ, ਕਵਿਤਾ ਵਰਗੀ ਕਿਸੇ ਵੀ ਵਿਧਾ ਵਿੱਚ ਕਰਦਾ ਹੈ।

ਯਥਾਰਥ ਦੀਆਂ ਵੱਖ-ਵੱਖ ਪਰਤਾਂ ਨੂੰ ਪ੍ਰਤੱਖਣ ਲਈ ਸੰਵੇਦਨਸ਼ੀਲ ਹੋਣਾ ਬਹੁਤ ਜ਼ਰੂਰੀ ਹੈ। ਸਾਹਿਤਿਕ ਕਿਰਤਾਂ ਵਿੱਚ ਪੇਸ਼ ਯਥਾਰਥ ਦਾ ਅਨੁਭਵ ਪਾਠਕਾਂ ਨੂੰ ਗ੍ਰਹਿਣ ਕਰਵਾਉਣ ਲਈ ਸੰਵੇਦਨਾ ਦਾ ਅਹਿਮ ਯੋਗਦਾਨ ਹੈ। ਇਸੇ ਕਰਕੇ ਸੰਵੇਦਨਾ ਨੂੰ ਯਥਾਰਥ ਦੇ ਅਨੁਭਵੀ ਪ੍ਰਤੱਖਣ ਨਾਲ ਵੀ ਜੋੜਿਆ ਜਾਂਦਾ ਹੈ। ਡਾ. ਹਰਿਭਜਨ ਸਿੰਘ ਅਨੁਸਾਰ :

> "ਸੰਵੇਦਨਾ ਮਨੁੱਖ ਨੂੰ ਯਥਾਰਥ ਦਾ ਅਨੁਭਵ ਕਰਾਉਣ ਵਾਲੀ ਇੱਕੋ ਇੱਕ ਸ਼ਕਤੀ ਹੈ।"[10]

'Princeton Encyclopeadia of Poetry and Poetics' ਵਿੱਚ ਸੰਵੇਦਨਾ ਨੂੰ ਅੱਗੋਂ ਸੁਹਜਾਤਮਕ ਪ੍ਰਗਟਾਵੇ ਨਾਲ ਜੋੜਦਿਆਂ ਲਿਖਿਆ ਹੈ :

> "ਸੰਵੇਦਨਾ ਆਪਣੇ ਦੁੱਖਾਂ ਪ੍ਰਤੀ ਚੇਤੰਨ ਹੋਣ ਅਤੇ ਦੂਸਰਿਆਂ ਦੇ ਦੁੱਖਾਂ ਪ੍ਰਤੀ ਪਾਤਰਤਾ ਦਾ ਅਨੁਭਵ ਕਾਇਮ ਕਰਨ ਦੇ ਨਾਲ-ਨਾਲ ਸੁਹਜਾਤਮਕ ਗੁਣਾਂ ਦਾ ਜਮ੍ਹਾਂ ਜੋੜ ਹੁੰਦੀ ਹੈ।"[11]

ਸੰਵੇਦਨਾ ਇੱਕ ਅਜਿਹਾ ਅਹਿਸਾਸ ਹੈ ਜੋ ਮੂਲ ਰੂਪ ਵਿੱਚ ਇਨਸਾਨ ਦੇ ਮਨ ਵਿੱਚ ਪੈਦਾ ਹੁੰਦਾ ਹੈ ਪਰ ਇਹ ਨਿਰੋਲ ਦੁੱਖ ਜਾਂ ਸੁੱਖ ਤੋਂ ਅੱਗੇ ਦੀ ਸਥਿਤੀ ਹੈ। ਮਨੁੱਖ ਹੀ ਇੱਕ ਅਜਿਹਾ ਜੀਵ ਹੈ ਜੋ ਆਪਣੀ ਸੰਵੇਦਨਾ ਦੇ ਹਵਾਲੇ ਨਾਲ ਕੁਦਰਤ ਦੇ ਸਾਰੇ ਜੀਵਾਂ ਨਾਲੋਂ ਭਿੰਨ ਹੈ। ਦੁਨੀਆਂ ਵਿੱਚ ਕੋਈ ਵੀ ਮਨੁੱਖ ਅਜਿਹਾ ਨਹੀਂ ਜਿਸ ਦੇ ਮਨ ਵਿੱਚ ਸੰਵੇਦਨਾ ਨਾ ਹੋਵੇ, ਹਾਂ ਇੰਨਾ ਜ਼ਰੂਰ ਹੈ ਕਿ ਵੱਖ-ਵੱਖ ਮਨੁੱਖਾਂ ਵਿੱਚ ਸੰਵੇਦਨਾ ਦਾ ਪੱਧਰ ਵੱਖ-ਵੱਖ ਹੁੰਦਾ ਹੈ।

ਸੰਵੇਦਨਾ ਤੋਂ ਬਿਨਾਂ ਕਿਸੇ ਵੀ ਸਾਹਿਤਿਕ ਕਿਰਤ ਦੀ ਰਚਨਾ ਅਸੰਭਵ ਹੈ। ਡਾ. ਕਰਮਜੀਤ ਸਿੰਘ ਨੇ ਸੰਵੇਦਨਾ ਨੂੰ ਸਾਹਿਤ ਦੀ 'ਮੂਲ ਪ੍ਰੇਰਕ ਸ਼ਕਤੀ' ਕਿਹਾ ਹੈ। ਸੰਵੇਦਨਾ ਕਾਵਿ ਸਿਰਜਣ ਦੀ ਕੇਂਦਰੀ ਸ਼ਕਤੀ ਹੈ। ਕਿਸੇ ਵੀ ਕਵਿਤਾ ਦੀ ਅਨੁਭੂਤੀ ਕਵੀ ਦੀ ਸੰਵੇਦਨਸ਼ੀਲਤਾ ਨਾਲ ਜੁੜੀ ਹੁੰਦੀ ਹੈ। ਕਵੀ ਇੱਕ ਸਮਾਜਿਕ

ਪ੍ਰਾਣੀ ਹੈ, ਇਸ ਲਈ ਜਦੋਂ ਉਹ ਕੁਝ ਮਹਿਸੂਸ ਕਰਦਾ ਹੈ ਤਾਂ ਇਸ ਦਾ ਸਿੱਧਾ ਪ੍ਰਭਾਵ ਉਸਦੇ ਮਨ ਉੱਤੇ ਪੈਂਦਾ ਹੈ ਅਤੇ ਇੱਥੋਂ ਹੀ ਇੱਕ ਕਵੀ ਦੀ ਸੰਵੇਦਨ ਪ੍ਰਕਿਰਿਆ ਸ਼ੁਰੂ ਹੁੰਦੀ ਹੈ।

ਇੱਕ ਕਵੀ ਵਿੱਚ ਸੰਵੇਦਨਾਤਮਕ ਪ੍ਰਭਾਵਾਂ ਨੂੰ ਗ੍ਰਹਿਣ ਕਰਨ ਦੀ ਸ਼ਕਤੀ ਆਮ ਮਨੁੱਖ ਨਾਲੋਂ ਵਧੇਰੇ ਹੁੰਦੀ ਹੈ ਕਿਉਂਕਿ ਇੱਕ ਕਵੀ ਆਮ ਮਨੁੱਖ ਨਾਲੋਂ ਵਧੇਰੇ ਕੋਮਲਭਾਵੀ ਹੁੰਦਾ ਹੈ। ਇੱਕ ਕਵੀ ਨੂੰ ਕਵੀ ਇਸ ਲਈ ਨਹੀਂ ਕਿਹਾ ਜਾਂਦਾ ਹੈ ਕਿ ਉਸ ਕੋਲ ਅਨੁਭਵ ਕਰਨ ਦੀ ਸ਼ਕਤੀ ਹੈ ਬਲਕਿ ਇਸ ਲਈ ਕਿਹਾ ਜਾਂਦਾ ਹੈ ਕਿ ਉਹ ਇਸ ਨੂੰ ਕਾਵਿਕ / ਕਲਾਤਮਕ ਸ਼ਬਦਾਂ ਵਿੱਚ ਪ੍ਰਗਟਾਅ ਸਕਦਾ ਹੈ। ਮਨੁੱਖੀ ਮਨ ਹਰ ਸਮੇਂ ਸਮਾਜਿਕ ਵਾਤਾਵਰਣ ਤੋਂ ਕਈ ਪ੍ਰਕਾਰ ਦੇ ਅਨੁਭਵ ਗ੍ਰਹਿਣ ਕਰਦਾ ਹੈ ਪਰ ਆਮ ਮਨੁੱਖ ਕੋਲ ਸੁਹਜਾਤਮਕ ਪ੍ਰਗਟਾਵੇ ਦੀ ਸਮਰੱਥਾ ਨਹੀਂ ਹੁੰਦੀ।

ਕਵੀ ਦੇ ਆਪਣੇ ਅਨੁਭਵਾਂ ਤੋਂ ਇਲਾਵਾ ਸਮਾਜ ਦਾ ਯਥਾਰਥ ਵੀ ਨਾਲ-ਨਾਲ ਚਲਦਾ ਹੈ ਅਤੇ ਜਦੋਂ ਕਵੀ ਲਿਖਦਾ ਹੈ ਤਾਂ ਉਹ ਆਪਣੇ ਪਾਠਕਾਂ ਨੂੰ ਵੀ ਧਿਆਨ ਵਿੱਚ ਰੱਖ ਕੇ ਸੰਵੇਦਨਾ ਨੂੰ ਸਹਿਜ ਉਚਾਰ, ਕਲਾਤਮਕ ਉਚਾਰ ਵਿੱਚ ਢਾਲਦਾ ਹੋਇਆ ਉਸਨੂੰ ਸ਼ਾਬਦਿਕ ਰੂਪ ਦਿੰਦਾ ਹੈ। ਇਸ ਤਰ੍ਹਾਂ ਰਚਨਾ ਵਿੱਚੋਂ ਵਿਅਕਤ ਹੁੰਦੀ ਸੰਵੇਦਨਾ ਪਾਠਕ ਨਾਲ ਸੰਵਾਦ ਕਰਨ ਦੇ ਸਮਰੱਥ ਹੁੰਦੀ ਹੈ।

ਜਦੋਂ ਕਵੀ ਇੱਕ ਕਵਿਤਾ ਦੀ ਰਚਨਾ ਕਰਦਾ ਹੈ ਤਾਂ ਉਸਦੀ ਸਿਰਜਣ ਪ੍ਰਕਿਰਿਆ ਕਈ ਪੜਾਵਾਂ ਵਿੱਚੋਂ ਲੰਘਦੀ ਹੈ। ਪਹਿਲਾ ਪੜਾਅ ਵਸਤੂ ਜਾਂ ਅਨੁਭਵ ਦੇ ਸੰਪਰਕ ਵਿੱਚ ਆਉਣ ਅਤੇ ਉਸਦਾ ਅਸਰ ਗ੍ਰਹਿਣ ਕਰਨ ਦਾ ਹੈ। ਅਗਲੀ ਅਵਸਥਾ ਵਿੱਚ ਕਵੀ ਆਪਣੀ ਸੰਵੇਦਨਾ ਦੇ ਆਧਾਰ ਤੇ ਉਸ ਨੂੰ ਸ਼ਬਦ ਰੂਪ ਦੇਣ ਲਈ ਤਿਆਰ ਹੁੰਦਾ ਹੈ ਅਤੇ ਅੰਤ ਤੇ ਕਵੀ ਦੀ ਕਵਿਤਾ ਰਚਣ ਦੀ ਇੱਛਾ ਪ੍ਰਬਲ ਹੋ ਜਾਂਦੀ ਹੈ। ਮੈਨੇਜਰ ਪਾਂਡੇ ਨੇ ਇਸ ਦੇ ਤਿੰਨ ਆਧਾਰ ਸੰਵੇਦਨਾ, ਅਨੁਭਵ ਅਤੇ ਭਾਵਨਾ ਮੰਨੇ ਹਨ ਤੇ ਉਸ ਅਨੁਸਾਰ :

"ਸੰਵੇਦਨਾ ਵਿੱਚ ਸਿਮ੍ਰਤੀ, ਅਨੁਭਵ ਅਤੇ ਵਿਚਾਰ ਦਾ ਸੰਯੋਗ ਹੁੰਦਾ ਹੈ।"[12]

ਵਿਅਕਤੀ ਸਮਾਜ ਦਾ ਇੱਕ ਅੰਗ ਹੋਣ ਕਰਕੇ ਸਮਾਜਿਕ ਵਿਵਸਥਾ ਦੀ ਹਰ ਹੋਣੀ ਨੂੰ ਹੰਢਾਉਂਦਾ ਹੈ ਜਾਂ ਫਿਰ ਹੋਣੀ ਹੰਢਾ ਰਹੇ ਮਨੁੱਖਾਂ ਤੋਂ ਅਨੁਭਵ ਪ੍ਰਾਪਤ ਕਰਦਾ ਹੈ। ਅਨੁਭਵ ਪ੍ਰਾਪਤੀ ਵਿੱਚ ਉਸਦੀ ਵਿਅਕਤੀਗਤ ਰੁਚੀ ਵਿਸ਼ੇਸ਼ ਸਥਾਨ ਰੱਖਦੀ ਹੈ। ਇੱਕ ਕਵੀ ਕੋਲ ਸਮਾਜ ਵਿਚਲੇ ਵਰਤਾਰਿਆਂ ਨੂੰ ਪਰਖਣ ਲਈ ਖਾਸ ਦ੍ਰਿਸ਼ਟੀ ਹੁੰਦੀ ਹੈ। ਇਸ ਦ੍ਰਿਸ਼ਟੀ ਦੀ ਸਹਾਇਤਾ ਨਾਲ ਉਹ ਸਮਾਜ ਵਿਚਲੇ ਵਰਤਾਰਿਆਂ ਨੂੰ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਗ੍ਰਹਿਣ ਕਰਦਾ ਹੈ।

ਕਾਵਿ ਵਿੱਚ ਪੇਸ਼ ਹੋਇਆ ਅਨੁਭਵ ਕਵੀ ਦੇ ਨਿਜੀ ਚੌਗਿਰਦੇ ਨਾਲ ਸਿੱਧੇ ਤੌਰ ਤੇ ਸੰਬੰਧਿਤ ਹੁੰਦਾ ਹੈ। ਬਹੁਤੀ ਵਾਰ ਉਸਦੇ ਆਲੇ-ਦੁਆਲੇ ਦੇ ਲੋਕਾਂ ਨੇ ਇਹ ਹੱਡੀਂ ਹੰਢਾਇਆ ਹੁੰਦਾ ਹੈ। ਮਨੁੱਖੀ ਜੀਵਨ

ਸਮਾਜ ਤੋਂ ਬਿਨਾਂ ਅਸੰਭਵ ਹੈ ਇਸ ਕਰਕੇ ਉਸਦੇ ਨਿੱਜੀ ਅਨੁਭਵ ਵਿੱਚ ਸਮਾਜਿਕ ਪਰਿਪੇਖ ਅਤੇ ਅਨੁਭਵ ਦਾ ਰਲਾ ਅਚੇਤ ਹੀ ਆ ਜਾਂਦਾ ਹੈ। ਕਵੀ ਸਮਾਜ ਵਿੱਚੋਂ ਗ੍ਰਹਿਣ ਕੀਤੇ ਅਨੁਭਵਾਂ ਨੂੰ ਇਸ ਪ੍ਰਕਾਰ ਆਪਣੇ ਵਿੱਚ ਆਤਮਸਾਤ ਕਰ ਲੈਂਦਾ ਹੈ ਕਿ ਅਨੁਭਵ ਉਸਨੂੰ ਅੱਗੇ ਵਧਣ ਲਈ ਬਲ ਬਖਸ਼ਦੇ ਰਹਿੰਦੇ ਹਨ।

ਇੱਕ ਕਵੀ ਦੀ ਸੋਝੀ ਵਿੱਚ ਉਸਦਾ ਪ੍ਰਤੱਖਣ ਸ਼ਾਮਲ ਹੁੰਦਾ ਹੈ ਅਤੇ ਪ੍ਰਤੱਖਣ ਹੀ ਸਮਾਜ ਨੂੰ ਪਰਖਦਾ ਹੈ। ਇਸ ਲਈ ਯਥਾਰਥ ਨੂੰ ਸਮਝਣ ਲਈ ਸਮਾਜ ਨੂੰ ਸਮਝਣਾ ਜ਼ਰੂਰੀ ਹੈ। ਸਮਾਜ ਵਿੱਚ ਵਸਦੇ ਲੋਕਾਂ, ਉਹਨਾਂ ਦੀ ਸੋਚ, ਭਾਵਨਾਵਾਂ, ਉਹਨਾਂ ਦੇ ਆਪਸੀ ਰਿਸ਼ਤੇ, ਰਿਸ਼ਤਿਆਂ ਦੀ ਨੁਹਾਰ ਆਦਿ ਨੂੰ ਸਮਝਣਾ ਪੈਂਦਾ ਹੈ। ਇੱਕ ਕਵੀ ਦੀ ਵਿਚਾਰਧਾਰਾ ਸਮਾਜਿਕ ਵਰਤਾਰਿਆਂ ਨੂੰ ਸਮਝਣ ਲਈ ਵਿਸ਼ੇਸ਼ ਰੋਲ ਅਦਾ ਕਰਦੀ ਹੈ।

ਸਾਹਿਤ ਦੇ ਬਾਕੀ ਰੂਪਾਂ ਵਾਂਗ ਕਾਵਿ ਵੀ ਮਨੁੱਖ ਨੂੰ ਮਨੁੱਖ ਪ੍ਰਤੀ ਸੰਵੇਦਨਸ਼ੀਲ ਬਣਾਉਂਦਾ ਹੈ। ਕਾਵਿ ਰਚਨਾ ਵਿੱਚ ਪ੍ਰਗਟਾਏ ਭਾਵ, ਵਿਚਾਰ ਅਤੇ ਬਿੰਬ ਮਨੁੱਖ ਨੂੰ ਕੋਮਲ ਭਾਵੀ ਹੋਣ ਲਈ ਪ੍ਰੇਰਦੇ ਹਨ ਅਤੇ ਮਨੁੱਖ ਦਾ ਨਾਤਾ ਸਤਿਅਮ, ਸ਼ਿਵਮ ਅਤੇ ਸੁੰਦਰਮ ਨਾਲ ਜੋੜਦੇ ਹਨ। ਕਾਵਿ ਸੰਵੇਦਨਾ ਦਾ ਪਹਿਲਾ ਸੰਬੰਧ ਕੋਮਲਭਾਵੀ ਜਜ਼ਬਿਆਂ ਨਾਲ ਹੁੰਦਾ ਹੈ ਅਤੇ ਦੂਜਾ ਸੁਹਜਾਤਮਕ ਪ੍ਰਗਟਾਵੇ ਨਾਲ। ਕਵਿਤਾ ਵਿੱਚ ਬੌਧਿਕ ਵਿਚਾਰਾਂ ਦੀ ਥਾਂ ਕੋਮਲ ਭਾਵਨਾਵਾਂ ਦਾ ਪਰਵਾਹ ਚਲਦਾ ਹੈ ਅਤੇ ਕਵੀ ਆਪਣੀ ਰਚਨਾ ਨੂੰ ਪਾਠਕ ਦੇ ਹਿਰਦੇ ਤੱਕ ਪਹੁੰਚਾਉਣ ਲਈ ਅਲੰਕਾਰਾਂ, ਛੰਦਾਂ, ਬਿੰਬਾਂ ਦੀ ਵਰਤੋਂ ਕਰਦਾ ਹੈ। ਭਾਰਤੀ ਕਾਵਿ ਸ਼ਾਸਤਰੀਆਂ ਨੇ ਰਸਾਤਮਕ ਵਾਕ ਨੂੰ ਕਵਿਤਾ ਕਿਹਾ ਹੈ। ਸਾਹਿਤਿਕ ਸੰਵੇਦਨਾ ਦਾ ਪ੍ਰਗਟਾਵਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿੱਚ ਵੱਖਰੀ-ਵੱਖਰੀ ਪ੍ਰਕਿਰਤੀ ਗ੍ਰਹਿਣ ਕਰਦਾ ਹੈ। ਕਾਵਿ ਸੰਵੇਦਨਾ ਸਾਹਿਤ ਸੰਵੇਦਨਾ ਦੇ ਕਿਸੇ ਵੀ ਹੋਰ ਪ੍ਰਗਟਾਵੇ ਨਾਲੋਂ ਕੋਮਲ ਭਾਵਾਂ ਅਤੇ ਸੁਹਜਾਤਮਕ ਪ੍ਰਗਟਾਵਿਆਂ ਦਾ ਵਧੇਰੇ ਪ੍ਰਦਰਸ਼ਨ ਕਰਦੀ ਹੈ।

ਪਰਵਾਸੀ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਰਵਿੰਦਰ ਰਵੀ ਇੱਕ ਜਾਣਿਆ ਪਛਾਣਿਆ ਹਸਤਾਖਰ ਹੈ। ਉਸ ਨੇ ਚਾਹੇ ਕਹਾਣੀਆਂ ਲਿਖਣੀਆਂ ਪਹਿਲਾਂ ਸ਼ੁਰੂ ਕਰ ਦਿੱਤੀਆਂ ਸਨ ਪਰ ਪ੍ਰਸਿੱਧੀ ਸਭ ਤੋਂ ਪਹਿਲਾਂ ਉਸ ਨੂੰ ਕਾਵਿ ਦੇ ਖੇਤਰ ਵਿੱਚ ਹੀ ਮਿਲੀ। ਉਸ ਨੇ ਹੁਣ ਤੱਕ 18 ਕਾਵਿ ਸੰਗ੍ਰਹਿਆਂ ਦੀ ਰਚਨਾ ਕੀਤੀ ਹੈ। ਉਸਦੇ ਕਾਵਿ ਦੀ ਸ਼ੁਰੂਆਤ ਛੇਵੇਂ ਦਹਾਕੇ ਵਿੱਚ ਸ਼ੁਰੂ ਹੋ ਗਈ ਸੀ। ਰਵੀ ਦੇ ਪਹਿਲੇ ਚਾਰ ਕਾਵਿ ਸੰਗ੍ਰਹਿ 'ਦਿਲ ਦਰਿਆ ਸਮੁੰਦਰੋਂ ਡੂੰਘੇ', 'ਬੁੱਕਲ ਦੇ ਵਿੱਚ ਚੋਰ', 'ਬਿੰਦੂ' ਅਤੇ 'ਮੌਨ ਹਾਦਸੇ' ਹਿੰਦੁਸਤਾਨ ਵਿੱਚ ਰਹਿੰਦਿਆਂ ਪ੍ਰਕਾਸ਼ਿਤ ਹੋਏ। ਇਨ੍ਹਾਂ ਕਾਵਿ ਸੰਗ੍ਰਹਿਆਂ ਤੋਂ ਬਾਅਦ ਰਵੀ ਨੇ 'ਦਿਲ ਟ੍ਰਾਂਸਪਲਾਂਟ ਤੋਂ ਬਾਅਦ', 'ਸ਼ਹਿਰ ਜੰਗਲੀ ਹੈ', 'ਮੇਰੇ ਮੌਸਮ ਦੀ ਵਾਰੀ', 'ਜਲ ਭਰਮ ਜਲ', 'ਚਿੱਟੇ ਕਾਲੇ ਧੱਬੇ', 'ਸੀਮਾ ਆਕਾਸ਼', 'ਸ਼ੀਸ਼ੇ ਤੇ ਦਸਤਕ', 'ਆਪਣੇ ਖਿਲਾਫ', 'ਸੂਰਜ ਤੇਰਾ ਮੇਰਾ', 'ਗੰਢਾਂ', 'ਸ਼ਬਦੋਂ ਪਾਰ', 'ਪੱਤਰ ਤੇ ਦਰਿਆ', 'ਛਾਵਾਂ ਤੇ ਪਰਛਾਵੇਂ" ਅਤੇ 'ਬਾਜ਼ ਦੀ ਨਜ਼ਰ' ਵਿਦੇਸ਼ਾਂ ਵਿੱਚ ਘੁੰਮਦਿਆਂ ਰਚੇ।

ਇਨ੍ਹਾਂ ਕਾਵਿ ਸੰਗ੍ਰਹਿਆਂ ਨੂੰ ਰਵਿੰਦਰ ਰਵੀ ਨੇ ਕ੍ਰਮਵਾਰ ਸੈਂਚੀਆਂ ਵਿੱਚ ਵੀ ਦਰਜ ਕੀਤਾ ਹੈ। ਪਹਿਲੀ ਸੈਂਚੀ **ਅਕੱਥ ਕਥਾ** ਵਿੱਚ ਉਸ ਦੇ 1955 ਤੋਂ 1967 ਤੱਕ ਦੇ ਲਿਖੇ ਕਾਵਿ ਸੰਗ੍ਰਹਿ 'ਦਿਲ ਦਰਿਆ ਸਮੁੰਦਰੋਂ ਡੂੰਘੇ', 'ਬੁੱਕਲ ਦੇ ਵਿੱਚ ਚੋਰ', 'ਬਿੰਦੂ' ਅਤੇ 'ਮੌਨ ਹਾਦਸੇ' ਸ਼ਾਮਲ ਹਨ। ਇਸ ਪਹਿਲੀ ਸੈਂਚੀ ਵਿੱਚ ਇਨ੍ਹਾਂ ਚਾਰ ਕਾਵਿ ਸੰਗ੍ਰਹਿਆਂ ਨੂੰ ਸੰਕਲਿਤ ਕਰਨ ਦਾ ਇੱਕ ਵਿਚਾਰਧਾਰਾਈ ਆਧਾਰ ਵੀ ਹੈ। ਉਹ ਇਹ ਹੈ ਕਿ ਇਸ ਸੈਂਚੀ ਵਿੱਚ ਉਸ ਦੀਆਂ ਉਹ ਸਾਰੀਆਂ ਕਵਿਤਾਵਾਂ ਸ਼ਾਮਲ ਹਨ, ਜਿਹੜੀਆਂ ਉਸ ਨੇ ਭਾਰਤ ਵਿੱਚ ਰਹਿੰਦਿਆਂ ਇੱਥੋਂ ਦੇ ਰਾਜਨੀਤਿਕ - ਸਭਿਆਚਾਰਿਕ ਸੰਤਾਪ ਨੂੰ ਆਪਣੇ ਪਿੰਡੇ ਤੇ ਹੰਢਾਉਂਦਿਆਂ ਹੋਇਆਂ ਲਿਖੀਆਂ।

ਦੂਸਰੀ ਸੈਂਚੀ **ਵਣਵਾਣੀ** ਹੈ। ਇਸ ਵਿੱਚ 1967-1974 ਤੱਕ ਕੀਨੀਆ ਵਿੱਚ ਰਚੀਆਂ ਗਈਆਂ ਕਵਿਤਾਵਾਂ ਸੰਕਲਿਤ ਹਨ। 1967 ਵਿੱਚ ਰਵੀ ਜਿਸ ਸਮਾਜਿਕ-ਸਭਿਆਚਾਰਿਕ ਪਰਿਵੇਸ਼ ਨੂੰ ਛੱਡ ਕੇ ਪਹਿਲਾਂ ਕੀਨੀਆ ਅਤੇ ਬਾਅਦ ਵਿੱਚ ਕੈਨੇਡਾ ਪਹੁੰਚਿਆ ਉਹ ਪਰਿਵੇਸ਼ ਬੜਾ ਹੀ ਵਿਸੰਗਤੀਆਂ ਭਰਪੂਰ ਸੀ। ਇਸ ਦੌਰ ਵਿੱਚ ਹੀ ਬਹੁਤ ਸਾਰੇ ਸੰਵੇਦਨਸ਼ੀਲ ਲੇਖਕਾਂ ਨੇ ਵੀ ਪਰਵਾਸ ਧਾਰਨ ਕੀਤਾ। ਰਵੀ ਵੀ ਆਪਣੀ ਇੱਛਾ ਨਾਲ ਪਰਵਾਸੀ ਬਣਿਆ। 'ਵਣਵਾਣੀ' ਵਿੱਚ ਰਵਿੰਦਰ ਰਵੀ ਨੇ 'ਦਿਲ ਟ੍ਰਾਂਸਪਲਾਂਟ ਤੋਂ ਬਾਅਦ' (1969), 'ਸ਼ਹਿਰ ਜੰਗਲੀ ਹੈ' (1970), 'ਮੇਰੇ ਮੌਸਮ ਦੀ ਵਾਰੀ' (1972), 'ਜਲ ਭਰਮ ਜਲ' (1976) ਕਾਵਿ ਸੰਗ੍ਰਹਿ ਸ਼ਾਮਲ ਕੀਤੇ ਹਨ। ਇਸ ਪੜਾਅ ਤੇ ਉਸਨੇ ਇੱਕ ਸੰਵੇਦਨਸ਼ੀਲ ਰਚਨਾਕਾਰ ਵਾਂਗ ਉੱਥੋਂ ਦੇ ਸਮਾਜਿਕ ਪਰਿਵੇਸ਼ ਨੂੰ ਡੂੰਘੀ ਨੀਝ ਨਾਲ ਵੇਖਿਆ। ਕੀਨੀਆ ਵਿੱਚ ਜਾ ਕੇ ਉਸ ਦੀਆਂ ਕੁਝ ਮੁੱਢਲੀਆਂ ਕਵਿਤਾਵਾਂ ਵਿੱਚ ਯੌਨ ਸੰਬੰਧਾਂ ਦਾ ਜੋ ਜ਼ਿਕਰ ਆਉਂਦਾ ਹੈ, ਉਹ ਅਸਲ ਵਿੱਚ ਉੱਥੋਂ ਦੇ ਅਜਨਬੀ ਪਰਿਵੇਸ਼ ਵਿੱਚ ਰਚਾਇਆ ਉਸਦਾ ਸੰਵਾਦ ਮਾਤਰ ਹੀ ਹੈ ਅਤੇ ਇਸ ਸੰਵਾਦ ਦੇ ਆਧਾਰ ਤੇ ਉਸ ਨੇ ਆਪਣੇ ਬਦਲ ਰਹੇ ਨੈਤਿਕ ਮੁੱਲਾਂ ਬਾਰੇ ਵੀ ਬੜੀ ਦਲੇਰੀ ਨਾਲ ਕਲਮ ਉਠਾਈ ਹੈ। ਉਹ ਲਿਖਦਾ ਹੈ:

> ਮੇਰੇ ਦੇਸੋਂ ਜੋ ਮੇਰੇ ਨਾਲ ਚਲੀ ਸੀ
> ਮੇਰੇ ਮਨ 'ਚੋਂ ਤੂੰ ਉਹ
> ਅਪਰਾਧ ਦੀ ਗੁੰਝਲ ਮਿਟਾਈ ਹੈ।[13]

ਰਵਿੰਦਰ ਰਵੀ ਦੇ ਕਾਵਿ ਲੋਕ ਵਿੱਚ ਦੇਸ਼ ਅਤੇ ਵਿਅਕਤੀ ਪਰਸਪਰ ਤਣਾਉ ਦੇ ਰਿਸ਼ਤੇ ਵਿੱਚ ਬੱਝੇ ਹੋਣ ਕਾਰਨ ਇੱਕ ਦੂਜੇ ਦੇ ਸੰਗ ਸਾਥ ਵਿਚਰਦੇ ਹਨ। ਭਾਰਤੀ ਸਮਾਜ ਦੇ ਨੂੰ ਪਤਨ ਨੂੰ 'ਅਕੱਥ ਕਥਾ' ਅਤੇ ਕੀਨੀਆ ਦੇ ਆਦਿਮ ਸਮਾਜ ਦੀ ਧਰਾਤਲ ਨੂੰ 'ਵਣਵਾਣੀ' ਵਿੱਚ ਰੂਪਮਾਨ ਕਰਨ ਪਿੱਛੋਂ ਰਵਿੰਦਰ ਰਵੀ ਨੇ ਕੈਨੇਡਾ ਦੀ ਭਾਵ ਭੂਮੀ ਨਾਲ ਸੰਬੰਧਿਤ ਆਪਣੀਆਂ ਕਵਿਤਾਵਾਂ **ਪਿਆਸਾ ਬੱਦਲ** (1975-86) ਵਿੱਚ

ਇੱਕਠੀਆਂ ਕੀਤੀਆਂ। ਇਸ ਸੈਂਚੀ ਵਿੱਚ ਰਵਿੰਦਰ ਰਵੀ ਨੇ 'ਚਿੱਟੇ ਕਾਲੇ ਧੱਬੇ' (1978), 'ਸੀਮਾ ਆਕਾਸ਼' (1980), 'ਸ਼ੀਸ਼ੇ ਤੇ ਦਸਤਕ' (1983) ਅਤੇ 'ਆਪਣੇ ਖਿਲਾਫ' (1986) ਸ਼ਾਮਲ ਕੀਤੇ। ਰਵਿੰਦਰ ਰਵੀ ਦੀ ਤਿਆਰ ਕੀਤੀ ਸੈਂਚੀ 'ਪਿਆਸਾ ਬੱਦਲ' ਬਾਰੇ ਡਾ. ਬ੍ਰਹਮਜਗਦੀਸ਼ ਸਿੰਘ ਕਹਿੰਦਾ ਹੈ ਕਿ :

> "ਇਸ ਵਿੱਚ ਦਰਜ ਕਵਿਤਾਵਾਂ ਉਸ ਰਚਨਾਤਮਕ ਅਨੁਭਵ ਨੂੰ ਸਮਝਣ ਜਾਂ ਪਕੜਨ ਵਿੱਚ ਸਾਡੀ ਸਹਾਇਤਾ ਕਰਦੀਆਂ ਹਨ ਜਿਸ ਨੂੰ ਰਵੀ ਨੇ ਕੈਨੇਡਾ ਦੀ ਧਰਤੀ ਤੇ ਜਾ ਕੇ ਮਹਿਸੂਸ ਕੀਤਾ ਹੈ।"[14]

**ਸ਼ਬਦ ਸਾਗਰ** ਰਵਿੰਦਰ ਰਵੀ ਦੀ ਚੌਥੀ ਸੈਂਚੀ ਹੈ। ਇਸ ਸੈਂਚੀ ਵਿੱਚ ਸ਼ਾਮਲ ਚਾਰ ਕਾਵਿ-ਸੰਗ੍ਰਹਿ 1986 ਤੋਂ 2003 ਵਿਚਕਾਰਲੇ 17 ਕੁ ਵਰ੍ਹਿਆਂ ਵਿੱਚ ਕੈਨੇਡਾ ਰਹਿੰਦਿਆਂ ਹੀ ਲਿਖੇ ਗਏ ਹਨ। ਇਸ ਸੈਂਚੀ ਵਿੱਚ 'ਸੂਰਜ ਤੇਰਾ ਮੇਰਾ' (1986-1989), 'ਗੰਢਾਂ' (1989-1993), 'ਸ਼ਬਦੋਂ-ਪਾਰ' (1994-1998), 'ਪੱਤਰ ਤੇ ਦਰਿਆ' (1999-2003) ਸ਼ਾਮਲ ਹਨ।

ਰਵਿੰਦਰ ਰਵੀ ਪ੍ਰਯੋਗਸ਼ੀਲ ਲਹਿਰ ਵੇਲੇ ਜਸਬੀਰ ਸਿੰਘ ਆਹਲੂਵਾਲੀਆ ਤੇ ਅਜਾਇਬ ਕਮਲ ਨਾਲ ਵਿਸ਼ੇਸ਼ ਚਰਚਾ ਵਿੱਚ ਆਇਆ ਤੇ ਉਸ ਤੋਂ ਪਿੱਛੋਂ ਨਿਰੰਤਰ ਚਰਚਾ ਵਿੱਚ ਰਿਹਾ ਹੈ। ਰਵਿੰਦਰ ਰਵੀ ਨੇ ਕਵਿਤਾ ਵਿੱਚ ਜਿਸ ਬੌਧਿਕ ਅੰਦਾਜ਼ ਨੂੰ ਅਪਣਾਇਆ, ਉਹ ਉਸ ਦੀ ਪਹਿਲੀ ਕਾਵਿ ਪੁਸਤਕ 'ਦਿਲ ਦਰਿਆ ਸਮੁੰਦਰੋਂ ਡੂੰਘੇ' ਤੋਂ ਹੀ ਸਾਹਮਣੇ ਆ ਗਿਆ ਸੀ। ਇਹ ਬੌਧਿਕ ਅੰਦਾਜ਼ ਰੋਮਾਨੀ ਪ੍ਰਗਤੀਵਾਦੀ ਧਾਰਾ ਦੀ ਕਵਿਤਾ ਤੋਂ ਵੱਖਰਾ ਸੀ। ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਪਰਚਿਆਂ ਅਤੇ ਸਾਹਿਤ ਸਭਾਵਾਂ ਦੇ ਮਾਧਿਅਮ ਦੁਆਰਾ ਨਵੇਂ ਪ੍ਰਯੋਗ ਹੋਣ ਵਜੋਂ ਚਰਚਾ ਦਾ ਵਿਸ਼ਾ ਬਣੀਆਂ। ਰਵਿੰਦਰ ਰਵੀ ਦੁਆਰਾ ਰਚਿਤ ਇਸ ਪੁਸਤਕ ਦਾ ਪ੍ਰਕਾਸ਼ਨ ਉਸ ਸਮੇਂ ਹੋਇਆ ਜਦੋਂ ਪੰਜਾਬੀ ਕਾਵਿ ਵਿੱਚ ਵਿਦਮਾਨ ਜਮੂਦ ਨੂੰ ਤੋੜਨ ਲਈ ਚੇਤੰਨ ਤੌਰ ਤੇ ਨਵੇਂ ਪ੍ਰਯੋਗ ਇੱਕ ਲਹਿਰ ਦਾ ਰੂਪ ਧਾਰਨ ਕਰ ਰਹੇ ਸਨ।

ਆਧੁਨਿਕ ਪੰਜਾਬੀ ਕਾਵਿ ਦੇ ਖੇਤਰ ਵਿੱਚ ਵੱਖ-ਵੱਖ ਲਹਿਰਾਂ ਦਾ ਦੌਰ ਆਇਆ ਜਿਨ੍ਹਾਂ ਵਿੱਚੋਂ ਪ੍ਰਯੋਗਸ਼ੀਲ ਲਹਿਰ ਦੇ ਸ਼ੁਰੂ ਹੋਣ ਦੇ ਵੀ ਕਈ ਕਾਰਨ ਸਨ। ਜਦੋਂ ਵੀ ਕੋਈ ਸਾਹਿਤਿਕ ਲਹਿਰ ਸ਼ੁਰੂ ਹੁੰਦੀ ਹੈ ਤਾਂ ਉਸ ਦੇ ਸ਼ੁਰੂ ਹੋਣ ਦੇ ਕੁਝ ਕਾਰਨ ਹੁੰਦੇ ਹਨ ਅਤੇ ਉਹ ਕਾਰਨ ਉਸ ਲਹਿਰ ਤੋਂ ਪਹਿਲਾਂ ਦੀ ਸਥਿਤੀ ਵਿੱਚ ਪਏ ਹੁੰਦੇ ਹਨ। ਪ੍ਰਯੋਗਸ਼ੀਲ ਚਿੰਤਕਾਂ ਅਨੁਸਾਰ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਸ਼ੁਰੂ ਹੋਈ ਪ੍ਰਯੋਗਸ਼ੀਲ ਲਹਿਰ ਦੇ ਕਾਰਨ ਪ੍ਰਗਤੀਵਾਦੀ ਲਹਿਰ ਦੀ ਖੜੋਤ ਵਿੱਚ ਪਏ ਸਨ। ਸੁਖਪਾਲਵੀਰ ਹਸਰਤ ਇਸ ਬਾਰੇ ਕਹਿੰਦਾ ਹੈ ਕਿ :

> "ਮੋਹਨ-ਅੰਮ੍ਰਿਤਾ ਅਤੇ ਉਹਨਾਂ ਦੀ ਧਾਰਾ ਆਪਣੀਆਂ ਸਾਰੀਆਂ ਸੰਭਾਵਨਾਵਾਂ ਮੁੱਕਾ ਚੁੱਕੀ ਹੈ। ਇਸ ਲਈ ਪੰਜਾਬੀ ਕਵਿਤਾ ਵਿੱਚ ਹੁਣ ਕੋਈ ਨਵਾਂ ਮਾਰਗ ਅਪਣਾਏ ਜਾਣ ਦੀ ਅਤਿਅੰਤ ਆਵਸ਼ਕਤਾ ਹੈ।"[15]

ਆਧੁਨਿਕ ਪੰਜਾਬੀ ਕਾਵਿ ਦੇ ਇਤਿਹਾਸ ਵਿੱਚ ਪ੍ਰਯੋਗਸ਼ੀਲ ਲਹਿਰ ਪਹਿਲੀ ਅਜਿਹੀ ਸੁਚੇਤ ਸਾਹਿਤਿਕ ਲਹਿਰ ਸੀ, ਜਿਸ ਵਿੱਚ ਸਾਮਿਲ ਲੇਖਕਾਂ ਨੇ ਸਾਹਿਤ-ਸਿਰਜਨ ਅਤੇ ਸਾਹਿਤ-ਸਿਧਾਂਤ ਨੂੰ ਨਾਲ-ਨਾਲ ਤੋਰਿਆ। ਪ੍ਰਯੋਗਸ਼ੀਲ ਲਹਿਰ 1960 ਦੇ ਆਸ-ਪਾਸ ਅੰਮ੍ਰਿਤਾ - ਮੋਹਨ ਸਿੰਘ ਕਾਵਿ ਧਾਰਾ ਦੇ ਰੁਮਾਂਟਿਕ ਪ੍ਰਗਤੀਵਾਦੀ ਰੁਝਾਨ ਦੇ ਸੁਚੇਤ ਵਿਰੋਧ ਵਜੋਂ ਇੱਕ ਸੰਗਠਿਤ ਹੋਂਦ ਵਿੱਚ ਸਾਹਮਣੇ ਆਈ। 1960 ਤੋਂ 1964 ਤੱਕ ਇਸ ਦੇ ਸੰਚਾਲਕ ਅਤੇ ਸਿਧਾਂਤਕਾਰਾਂ ਨੇ ਇਸ ਨੂੰ ਕਦੇ ਪ੍ਰਯੋਗਵਾਦ ਅਤੇ ਕਦੇ ਪ੍ਰਯੋਗਸ਼ੀਲ ਕਾਵਿਧਾਰਾ ਦਾ ਨਾਂ ਦਿੱਤਾ। ਪ੍ਰਯੋਗਸ਼ੀਲ ਕਾਵਿ ਦੇ ਸੰਚਾਲਕਾਂ ਦੀ ਸਾਂਝੀ ਰਾਇ ਸੀ ਕਿ ਅੰਮ੍ਰਿਤਾ ਮੋਹਨ ਸਿੰਘ ਧਾਰਾ ਦੀ ਰੁਮਾਂਟਿਕ ਪ੍ਰਗਤੀਵਾਦੀ ਕਵਿਤਾ, ਸਨਅਤੀ ਯੁੱਗ ਦੇ ਵਿਕਾਸ ਨਾਲ ਪੈਦਾ ਹੋ ਰਹੇ ਨਵੇਂ ਯਥਾਰਥ ਨੂੰ ਸੰਪੂਰਨ ਜਟਿਲਤਾ ਸਹਿਤ ਕਲਾਤਮਕ ਪੱਧਰ ਤੇ ਪੇਸ਼ ਕਰਨੋਂ ਅਸਮਰੱਥ ਹੈ, ਇਸ ਲਈ ਇਸ ਕਾਵਿ ਧਾਰਾ ਦੇ ਪਰੰਪਰਾਗਤ ਚੌਖਟੇ ਤੋਂ ਬਾਹਰ ਆ ਕੇ ਨਵੇਂ ਪ੍ਰਯੋਗ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

ਪ੍ਰਯੋਗਸ਼ੀਲ ਲਹਿਰ ਇੱਕ ਅਜਿਹੀ ਲਹਿਰ ਸੀ ਜੋ ਨਾ ਤਾਂ ਕਿਸੇ ਸਮਾਜਿਕ ਯਥਾਰਥ ਨਾਲ ਤੁਰਦੀ ਹੈ ਅਤੇ ਨਾ ਹੀ ਕਿਸੇ ਵਿਚਾਰ ਪ੍ਰਬੰਧ ਨਾਲ ਇਕਾਗਰ ਹੁੰਦੀ ਹੈ। ਇਸ ਸੰਬੰਧੀ ਡਾ. ਜਸਬੀਰ ਸਿੰਘ ਆਹਲੂਵਾਲੀਆ ਦਾ ਕਥਨ ਹੈ :

> "ਮੁਸ਼ਕਲ ਇਹ ਨਹੀਂ ਕਿ ਪ੍ਰਯੋਗਸ਼ੀਲ ਕਵਿਤਾ ਵਿਚਾਰਧਾਰਾ ਤੋਂ ਮੁਕਤ ਹੈ, ਸਗੋਂ ਮੁਸ਼ਕਲ ਇਸ ਗੱਲ ਦੇ ਸਮਝਣ ਵਿੱਚ ਹੈ ਕਿ ਕਲਾਕਾਰ ਕਾਲ-ਵੰਡ ਦੇ ਨਿਯਮਾਂ ਅਨੁਸਾਰ ਸਮਾਜੀ ਚੇਤੰਨਤਾ ਜਾਂ ਵਿਚਾਰਧਾਰਾ ਨੂੰ ਇੱਕ ਕਲਾਕਾਰ ਦੀ ਹੈਸੀਅਤ ਵਿੱਚ ਹੀ ਪ੍ਰਗਟਾਉਂਦਾ ਹੈ ਕਿਸੇ ਹੋਰ ਹੈਸੀਅਤ ਵਿੱਚ ਨਹੀਂ...... ਕਲਾਕਾਰ ਕੋਲੋਂ ਕਿਸੇ ਵਿਚਾਰਧਾਰਾ ਜਾਂ ਵਾਦ ਦੀ ਕਥਾ ਕਹਾਣੀ ਉਸ ਨਾਲ ਬੇਇਨਸਾਫੀ ਹੈ। ਨਾਅਰੇ ਬਾਜ਼ੀ ਕਲਾ ਦਾ ਲੱਛਣ ਨਹੀਂ।..... ਸਮੁੱਚੇ ਤੌਰ ਤੇ ਪ੍ਰਯੋਗਸ਼ੀਲ ਕਵਿਤਾ ਵਿੱਚ ਕਾਵਿਕ ਢੰਗ ਨਾਲ ਪ੍ਰਗਟਾਈ ਚੇਤਨਤਾ ਜਾਂ ਵਿਚਾਰਧਾਰਾ ਨਿਸ਼ਚੇ ਹੀ ਅਗਰਗਾਮੀ ਹੋਵੇਗੀ।"[16]

ਪ੍ਰਯੋਗਵਾਦੀ ਕਵੀਆਂ ਨੇ 'ਪ੍ਰਯੋਗ' ਅਤੇ ਪ੍ਰਯੋਗਸ਼ੀਲਤਾ ਨੂੰ ਇੱਕ ਵਿਸ਼ੇਸ਼ ਕਾਵਿ ਸ਼ਾਸਤਰੀ ਸੰਕਲਪ ਵਜੋਂ ਵਰਤਿਆ ਹੈ। ਉਹਨਾਂ ਅਨੁਸਾਰ ਪ੍ਰਯੋਗ ਕਾਵਿ ਸਿਰਜਣਾ ਦਾ ਮਨੋਰਥ ਨਹੀਂ ਸਗੋਂ ਇਸ ਦਾ ਮਨੋਰਥ ਤਾਂ ਕਵੀ ਅਤੇ ਪਾਠਕ ਵਿਚਕਾਰ ਭਾਵ - ਚੇਤਨਾ ਦੀ ਸਾਂਝ ਸਥਾਪਿਤ ਕਰਨਾ ਹੈ। ਅਸਲ ਵਿੱਚ ਪ੍ਰਯੋਗਸ਼ੀਲਤਾ

ਸਮਾਜਿਕ ਪਰਿਸਥਿਤੀਆਂ ਦੀ ਲੋੜ ਹੈ। ਸਮਾਜ ਦੇ ਵਿਕਾਸ ਦੇ ਨਾਲ-ਨਾਲ ਮਨੁੱਖੀ ਅਨੁਭਵ ਵਿੱਚ ਬਦਲਾਅ ਆਉਣਾ ਸੁਭਾਵਿਕ ਹੈ। ਇਹ ਕਵੀ ਇੱਕੋ ਸਮੇਂ ਵਸਤੂ ਅਤੇ ਰੂਪ ਦੇ ਖੇਤਰ ਵਿੱਚ ਨਵੇਂ ਪ੍ਰਯੋਗਾਂ ਦੀ ਲੋੜ ਤੇ ਬਲ ਦਿੰਦੇ ਹਨ। ਇਹ ਸਪੱਸ਼ਟ ਕਰਦਿਆਂ ਡਾ. ਜਸਬੀਰ ਸਿੰਘ ਆਹਲੂਵਾਲੀਆ ਲਿਖਦਾ ਹੈ ਕਿ:

> "ਪ੍ਰਯੋਗ ਦਾ ਅਰਥ ਸਿਰਫ ਬਿੰਬਾਂ, ਚਿੰਨ੍ਹਾਂ ਆਦਿ ਦੀ ਨਵੀਨਤਾ ਜਾਂ ਅੱਡਰਾਪਣ ਹੀ ਨਹੀਂ ਸਗੋਂ ਵੱਡੇ ਆਕਾਰ ਵਿੱਚ ਇਸਦਾ ਮਤਲਬ ਹੈ: ਕਲਾਕਾਰ ਤੇ ਸਰੋਤਿਆਂ ਵਿਚਕਾਰ ਭਾਵ-ਚੇਤਨਾ ਦੀ ਸਾਂਝ ਦੀਆਂ ਨਵੀਆਂ ਸੰਭਾਵਨਾਵਾਂ ਢੂੰਡ ਜਾਂ ਪੈਦਾ ਕਰਕੇ (ਨਵੇਂ ਵਾਤਾਵਰਣ ਨਾਲ ਸਾਂਝ ਪਾ ਕੇ) ਬਿੰਬਾਵਲੀ ਆਦਿ ਦਾ ਨਵਾਂ ਆਧਾਰ ਸਥਾਪਿਤ ਕਰਕੇ, ਇੱਕ ਨਰੋਏ, ਸੱਜਰੇ ਅਨੁਭਵ ਦਾ ਨਵੀਆਂ ਅਨੁਭਵ - ਪ੍ਰਣਾਲੀਆਂ ਰਾਹੀਂ ਪ੍ਰਗਟਾ। ਅਸਲ ਵਿੱਚ ਅਨੁਭਵ ਤੇ ਅਨੁਭਵ ਪ੍ਰਣਾਲੀਆਂ ਦੀ ਨਵੀਨਤਾ ਹੀ ਪ੍ਰਯੋਗਸ਼ੀਲਤਾ ਹੈ।"[17]

ਇਸ ਵਿਚਾਰ ਅਨੁਸਾਰ ਪ੍ਰਯੋਗ ਸੱਚ ਨੂੰ ਜਾਨਣ ਦਾ ਤੇ ਦੂਜਾ ਅਨੁਭਵ ਦੀ ਕਲਾਤਮਕ ਪੇਸ਼ਕਾਰੀ ਦੀ ਪ੍ਰਕਿਰਿਆ ਨੂੰ ਸਮਝਣ ਦਾ ਦੂਹਰਾ ਸਾਧਨ ਹੈ। ਇਸ ਵਿਚਾਰਧਾਰਾ ਨੇ 'ਨਿੱਜੀ ਪ੍ਰੀਤ ਦੇ ਸੰਕਲਪ' ਤੋਂ ਉਤਾਂਹ ਉੱਠ ਕੇ ਕਵਿਤਾ ਰਚਨ ਤੇ ਬਲ ਦਿੱਤਾ ਅਤੇ ਪੰਜਾਬੀ ਕਵਿਤਾ ਨੂੰ ਸਿਰਫ ਪ੍ਰੀਤ ਪਿਆਰ ਦੀ ਕਵਿਤਾ ਨਾ ਬਣਾ ਕੇ ਮਨੁੱਖੀ ਜ਼ਿੰਦਗੀ ਦੇ ਯਥਾਰਥ ਦੀ ਪੇਸ਼ਕਾਰੀ ਵਾਲੀ ਕਵਿਤਾ ਬਣਾਇਆ। ਪ੍ਰਯੋਗਸ਼ੀਲ ਕਵੀਆਂ ਨੇ ਪਰੰਪਰਾ ਅਤੇ ਪ੍ਰਯੋਗ ਦੇ ਵਿਰੋਧ ਨੂੰ ਆਪਣਾ ਸਾਹਿਤਿਕ ਆਦਰਸ਼ ਅਤੇ ਵਿਚਾਰਧਾਰਾਈ ਸੂਤਰ ਬਣਾਇਆ। ਉਨ੍ਹਾਂ ਅਨੁਸਾਰ ਪਰੰਪਰਾ, ਪ੍ਰਚਲਿਤ ਅਤੇ ਪਰਪੱਕ ਹੋਈਆਂ ਸਾਹਿਤਿਕ ਰੂੜੀਆਂ ਦਾ ਦੁਹਰਾਓ ਹੈ। ਜਦੋਂ ਕੋਈ ਵੀ ਕਵੀ ਪਰੰਪਰਾ ਅਨੁਸਾਰ ਮਰਿਆਦਾ ਵੱਸ ਪ੍ਰਚਲਿਤ ਰੂੜੀਆਂ ਦਾ ਅਨੁਕਰਣ ਕਰਦਾ ਹੈ ਤਾਂ ਉਹ ਸਿਰਜਣਾ ਦਾ ਕੇਵਲ ਭਰਮ ਹੀ ਪਾਲ ਰਿਹਾ ਹੁੰਦਾ ਹੈ। ਇਹੋ ਜਿਹੀ ਸਥਿਤੀ ਵਿੱਚ ਪਰੰਪਰਾ ਕਵੀ ਦੀ ਰਚਨਾਤਮਕ ਸ਼ਕਤੀ ਲਈ ਇੱਕ ਗਤੀਹੀਣ ਵਰਤਾਰੇ ਵਜੋਂ ਜਕੜਬੰਦ ਦਾ ਕੰਮ ਕਰਦੀ ਹੈ। ਪ੍ਰਯੋਗਸ਼ੀਲ ਲਹਿਰ ਦੇ ਸਮਰਥਕਾਂ ਦਾ ਦਾਅਵਾ ਹੈ ਕਿ ਪ੍ਰਯੋਗਸ਼ੀਲ ਕਾਵਿ ਚਿੰਤਨ ਪਰੰਪਰਾ ਦੇ ਰੂੜ ਹੋਏ ਨਾਕਾਰਾਤਮਕ ਰੂਪ ਦਾ ਤ੍ਰਿਸਕਾਰ ਕਰਦਾ ਹੈ, ਨਾ ਕਿ ਪਰੰਪਰਾ ਦੇ ਸਜੀਵ ਅਤੇ ਜੀਵੰਤ ਤੱਤਾਂ ਦਾ। ਰਵਿੰਦਰ ਰਵੀ ਦਾ ਵਿਚਾਰ ਹੈ ਕਿ :

> "ਪ੍ਰਯੋਗਸ਼ੀਲਤਾ, ਸਾਹਿਤਿਕ ਸੰਸਕ੍ਰਿਤੀ ਦੇ ਵਿਰੁੱਧ ਵਿਦਰੋਹ ਨਹੀਂ; ਸਗੋਂ ਆਪਣੀ ਪੂਰਵ-ਪਰੰਪਰਾ ਦੇ ਉਨ੍ਹਾਂ ਪ੍ਰਧਾਨ ਗੁਣਾਂ ਦੇ ਵਿਰੁੱਧ ਵਿਦਰੋਹ ਹੈ, ਜੋ ਆਪਣੀਆਂ ਸੰਭਾਵਨਾਵਾਂ ਮੁਕਾ ਕੇ ਹੰਢ ਹੀ ਨਹੀਂ ਚੁੱਕੇ, ਸਗੋਂ ਨਵੀਨ ਅਨੁਭਵ ਦੇ ਰਾਹ ਵਿੱਚ ਰੁਕਾਵਟ ਵੀ ਹਨ। ਪਰੰਪਰਾ ਦੇ ਸਵਸਥ ਤੇ ਕਰਮਸ਼ੀਲ ਗੁਣਾਂ ਨਾਲ, ਜੋ ਇਸ ਸਮੇਂ ਤੱਕ ਸਾਹਿਤਿਕ ਸੰਸਕ੍ਰਿਤੀ ਦਾ ਅੰਗ ਬਣ ਚੁੱਕੇ ਹਨ, ਪ੍ਰਯੋਗਸ਼ੀਲਤਾ ਦਾ ਕੋਈ ਵਿਰੋਧ ਨਹੀਂ।"[18]

ਰਵਿੰਦਰ ਰਵੀ ਨੂੰ ਪ੍ਰਯੋਗਸ਼ੀਲ ਕਾਵਿ ਧਾਰਾ ਦੇ ਮੋਢੀ ਕਵੀਆਂ ਵਿੱਚੋਂ ਮੰਨਿਆ ਗਿਆ ਹੈ, ਜੇਕਰ ਪ੍ਰਯੋਗਸ਼ੀਲ ਲਹਿਰ ਵਿੱਚੋਂ ਰਵਿੰਦਰ ਰਵੀ ਦਾ ਨਾਂ ਕੱਢ ਦਿੱਤਾ ਜਾਵੇ ਤਾਂ ਪ੍ਰਯੋਗਸ਼ੀਲ ਲਹਿਰ ਅਧੂਰੀ ਜਾਪਦੀ ਹੈ। ਰਵੀ ਇੱਕ ਅਜਿਹਾ ਕਵੀ ਹੈ ਜੋ ਜ਼ਿੰਦਗੀ ਵਿੱਚ ਕੁਝ ਨਵਾਂ ਸਿਰਜਣ ਤੇ ਵਿਚਾਰਾਂ ਵਿੱਚ ਤਾਜ਼ਗੀ ਲਿਆਉਣ ਦੀ ਹਾਮੀ ਮੁੱਢ ਤੋਂ ਹੀ ਭਰਦਾ ਆ ਰਿਹਾ ਹੈ।

ਉੱਨੀਵੀਂ ਸਦੀ ਦੇ ਅਖੀਰ ਅਤੇ ਵੀਹਵੀਂ ਸਦੀ ਦੇ ਆਰੰਭ ਵਿੱਚ ਪੱਛਮੀ ਰੁਮਾਂਸਵਾਦੀ ਧਾਰਾ ਨੇ ਸਿਰ ਚੁੱਕਿਆ ਸੀ ਤਾਂ ਉਸ ਵੇਲੇ ਦੀਆਂ ਧਾਰਮਿਕ ਅਤੇ ਛਾਇਆਵਾਦੀ ਪ੍ਰਵਿਰਤੀਆਂ ਨੇ ਇਸ ਦਾ ਵਿਰੋਧ ਕੀਤਾ। ਠੀਕ ਇਸੇ ਤਰ੍ਹਾਂ ਰੁਮਾਂਸਵਾਦੀਆਂ ਨੇ ਪ੍ਰਯੋਗਵਾਦੀ ਜਾਂ ਆਧੁਨਿਕ ਕਵੀਆਂ ਦਾ ਵਿਰੋਧ ਕੀਤਾ। ਰੁਮਾਂਸਵਾਦੀ ਕਵੀਆਂ ਤੇ ਆਧੁਨਿਕ ਕਵੀਆਂ ਵਿੱਚ ਇੱਕ ਮੁੱਢਲਾ ਫ਼ਰਕ ਇਹ ਸੀ ਕਿ ਰੁਮਾਂਸਵਾਦ ਸ਼ੁਰੂ ਤੋਂ ਹੀ ਆਪਣੀ ਧਾਰਾ ਦੀ ਨੁਹਾਰ ਬਾਰੇ ਸੁਚੇਤ ਸੀ ਅਤੇ ਇੱਕ ਬਣਿਆ ਬਣਾਇਆ ਕਾਵਿਕ ਢਾਂਚਾ ਲੈ ਕੇ ਪਿੜ ਵਿੱਚ ਆਇਆ। ਇਸ ਦੇ ਉਲਟ ਵੀਹਵੀਂ ਸਦੀ ਦੇ ਪ੍ਰਯੋਗਵਾਦੀ ਕਵੀਆਂ ਪਾਸ ਨਾ ਤਾਂ ਕੋਈ ਪੂਰਵ ਕਲਪਿਤ ਢਾਂਚਾ ਸੀ ਨਾ ਹੀ ਸੇਧ ਸੀ। ਉਹਨਾਂ ਦੀ ਸਾਂਝੀ ਧਾਰਨਾ ਇਹ ਸੀ ਕਿ ਕੁਝ ਨਵੀਂ, ਕੁਝ ਵੱਖਰੀ ਅਤੇ ਨਿਵੇਕਲੀ ਕਵਿਤਾ ਦੀ ਲੋੜ ਹੈ। ਫਲਸਰੂਪ ਇਸ ਧਾਰਨਾ ਦੀ ਪੂਰਤੀ ਹਿੱਤ ਕਵੀਆਂ ਨੇ ਕਵਿਤਾ ਦੇ ਮੂਲ ਤੱਤਾਂ ਵਿੱਚ ਕਈ ਤਰ੍ਹਾਂ ਦੇ ਪ੍ਰਯੋਗ ਕੀਤੇ ਅਤੇ ਇਹ ਧਾਰਾ ਪ੍ਰਯੋਗਸ਼ੀਲ ਕਵਿਤਾ ਕਹਾਈ।

ਪੰਜਾਬੀ ਪ੍ਰਯੋਗਸ਼ੀਲ ਕਵਿਤਾ ਰੁਮਾਂਸਵਾਦੀ ਪ੍ਰਗਤੀਵਾਦੀ ਧਾਰਾ ਦੇ ਖੋਖਲੇ ਹੋਣ ਕਰਕੇ ਹੋਂਦ ਵਿੱਚ ਆਈ। ਰਵਿੰਦਰ ਰਵੀ ਵੀ ਉਸ ਸਮੇਂ ਦੀ ਪੈਦਾਵਾਰ ਹੈ, ਜਦੋਂ ਮੋਹਨ ਸਿੰਘ/ਅੰਮ੍ਰਿਤਾ ਪ੍ਰੀਤਮ ਦੀ ਧਾਰਾ ਅੰਤਿਮ ਸਾਹਾਂ ਤੇ ਸੀ। ਜਦ ਕੋਈ ਕਲਾ ਆਪਣਾ ਮੁਹਾਂਦਰਾ ਹੰਢਾ ਚੁੱਕਦੀ ਹੈ ਤਾਂ ਉਹ ਪ੍ਰਭਾਵਹੀਣ ਹੀ ਨਹੀਂ, ਸਗੋਂ ਸਿਰਜਣਾ ਵਿੱਚ ਵੀ ਬਾਧਕ ਬਣ ਜਾਂਦੀ ਹੈ। ਇਹੋ ਜਿਹੀ ਸਥਿਤੀ ਰਵਿੰਦਰ ਰਵੀ ਦੀ ਪ੍ਰਯੋਗਸ਼ੀਲ ਪ੍ਰਵਿਰਤੀ ਲਈ ਪ੍ਰੇਰਨਾ ਸ੍ਰੋਤ ਬਣੀ।

ਕੋਈ ਵੀ ਸਾਹਿਤਕਾਰ ਆਪਣੀ ਪਰੰਪਰਾ ਨਾਲੋਂ ਇਕਦਮ ਨਹੀਂ ਟੁੱਟ ਸਕਦਾ। ਇਹੀ ਕਾਰਨ ਹੈ ਕਿ ਰਵਿੰਦਰ ਰਵੀ ਦੀ ਪਹਿਲੀ ਪੁਸਤਕ ‘ਦਿਲ ਦਰਿਆ ਸਮੁੰਦਰੋਂ ਡੂੰਘੇ’ ਦੀਆਂ ਕਵਿਤਾਵਾਂ ਵਿੱਚ ਪਰੰਪਰਾ, ਪ੍ਰਯੋਗਸ਼ੀਲਤਾ ਅਤੇ ਆਧੁਨਿਕਤਾ ਦਾ ਮਿਸ਼ਰਨ ਮਿਲਦਾ ਹੈ। ਉਹ ਲਿਖਦਾ ਹੈ :

ਤਨ ਦੀ ਤਪਸ਼ ਮਿਟਾਵਣ ਦੇ ਲਈ,
ਆ ਬੈਠੇ ਜੇ ਕੈਫੇ ਅੰਦਰ,
’ਵਾ-ਪਰੀਵਰਤ ਇਸ ਕੈਫ਼ੇ ਅੰਦਰ,
ਹੁਣ ਕੁਝ ਦੇਰ, ਸਰਾਮ ਤਾਂ ਕਰ ਲਓ,

ਬਹਿ ਜਾਓ ਯਾਰੋ, ਬਹਿ ਜਾਓ ਹਾਲੇ,
ਅੱਗ-ਬਰਖਾ ਸੜਕਾਂ ਤੇ ਹੁੰਦੀ,
ਤੱਤੀਆਂ ਪੌਣਾਂ ਨਾਗਾਂ ਵਾਂਗੂੰ
ਡੰਗਣ ਦੇ ਲਈ ਕਾਹਲੀਆਂ ਹਾਲੇ।[19]

ਰਵਿੰਦਰ ਰਵੀ ਨੇ ਰਵਾਇਤੀ ਸੋਚ ਦੀ ਜਕੜਨ ਵਿੱਚੋਂ ਨਿਕਲ ਕੇ ਆਧੁਨਿਕ ਵਿਚਾਰਧਾਰਾ ਨਾਲ ਆਪਣਾ ਸੰਬੰਧ ਜੋੜਿਆ ਅਤੇ ਨਵੇਂ ਕਾਵਿ-ਸ਼ਾਸਤਰੀ ਮੁੱਲਾਂ ਨਾਲ ਇੱਕ ਵੱਖਰੀ ਕਾਵਿ ਧਾਰਾ ਦਾ ਨਿਰਮਾਣ ਕੀਤਾ। ਹੋਰ ਪ੍ਰਯੋਗਸ਼ੀਲ ਕਵੀਆਂ ਵਾਂਗ ਰਵਿੰਦਰ ਰਵੀ ਵੀ ਇਸ ਵਿਚਾਰਧਾਰਾ ਦੀ ਸਿਧਾਂਤਕ ਅਤੇ ਵਿਹਾਰਕ ਪਹੁੰਚ ਲਈ ਯਤਨਸ਼ੀਲ ਦਿਖਾਈ ਦਿੰਦਾ ਹੈ। ਉਹ ਇਸ ਮੰਤਵ ਦੇ ਲਈ ਇੱਕੋ ਹੀ ਵੇਲੇ ਸਾਹਿਤ ਸਿਰਜਣਾ ਅਤੇ ਸਮੀਖਿਆ ਦੇ ਖੇਤਰ ਵਿੱਚ ਡਟਿਆ ਨਜ਼ਰ ਆਉਂਦਾ ਹੈ। ਸਮਕਾਲੀ ਸਾਹਿਤ ਅਤੇ ਸਮੀਖਿਆ ਪ੍ਰਤੀ ਉਸ ਦੀ ਅਸਵਿਕ੍ਰਿਤੀ ਦਾ ਸੁਰ ਪ੍ਰਤੱਖ ਨਜ਼ਰ ਆਉਂਦਾ ਹੈ :

ਹੁਨਰ ਹੈ ਹੁਨਰ ਦੇ ਲਈ
ਤੇ ਹੁਨਰ ਜੀਵਨ ਦੇ ਲਈ
ਇਹ ਵੀ ਨਾਅਰਾ ਉਹ ਵੀ ਨਾਅਰਾ
ਮੈਂ ਕਿਸ ਨੂੰ ਅਪਣਾਵਾਂ?
ਮੈਂ ਕਿਸ ਪਾਸੇ ਵਲ ਜਾਵਾਂ?[20]

ਸਮਕਾਲੀ ਕਾਵਿ ਚਿੰਤਨ ਅਤੇ ਕਾਵਿ-ਪਰੰਪਰਾ ਤੋਂ ਮੂੰਹ ਮੋੜ ਕੇ ਰਵਿੰਦਰ ਰਵੀ ਨੇ ਨਾ ਕੇਵਲ ਸਥਾਪਿਤ ਸਿਰਜਣਾਤਮਕ ਸੰਕਲਪਾਂ ਨੂੰ ਚੁਣੌਤੀ ਦਿੱਤੀ, ਸਗੋਂ ਸਾਹਿਤ ਸਿਰਜਣਾ ਤੇ ਸਮੀਖਿਆ ਦੇ ਨਵੇਂ ਮਾਪਦੰਡ ਸਥਾਪਿਤ ਕਰਨ ਦਾ ਸੁਚੇਤ ਯਤਨ ਵੀ ਕੀਤਾ। ਰਵਿੰਦਰ ਰਵੀ ਲਈ ਕਵੀ ਵਜੋਂ ਮੁੱਖ ਮਨੋਰਥ ਸਨਅਤੀ ਯੁੱਗ ਦੇ ਨਵੇਂ ਯਥਾਰਥ ਦੇ ਸਫਲ ਕਲਾਤਮਕ ਪ੍ਰਗਟਾ ਦੇ ਨਾਲ-ਨਾਲ ਕਾਵਿ ਦੀ ਨਿਵੇਕਲੀ ਰਚਨਾ-ਵਿਧੀ ਨੂੰ ਸਮਝ ਕੇ ਇੱਕ ਵੱਖਰੇ ਕਾਵਿ-ਉਚਾਰ ਅਤੇ ਕਾਵਿ ਸ਼ਾਸਤਰ ਦੀ ਉਸਾਰੀ ਕਰਨਾ ਸੀ।

ਉਹ ਕਾਵਿ ਸਿਰਜਣ ਪ੍ਰਕਿਰਿਆ ਵਿੱਚ ਨਿੱਜੀ ਸੱਚ ਤੇ ਵਿਆਪਕ ਸੱਚ ਦੇ ਮਹੱਤਵ ਅਤੇ ਦੋਹਾਂ ਦੇ ਰਚਨਾਤਮਕ ਸੁਮੇਲ ਨੂੰ ਸਿਧਾਂਤਕ ਤੌਰ ਤੇ ਪ੍ਰਵਾਨ ਕਰਦਾ ਹੈ ਭਾਵੇਂ ਕਿ ਦੋਹਾਂ ਵਿੱਚ ਫ਼ਰਕ ਹੈ ਪਰ ਉਹ ਪ੍ਰਥਮਤਾ ਨਿਜੀ ਸੱਚ ਜਾਂ ਆਤਮ ਜਗਤ ਨੂੰ ਦਿੰਦਾ ਹੈ। ਉਸਦੀ ਆਤਮ-ਮੁਖੀ ਚੇਤਨਾ ਦਾ ਆਧਾਰ ਆਧੁਨਿਕ ਮਨੋਵਿਗਿਆਨ ਦੀ ਇਹ ਸਥਾਪਨਾ ਹੈ ਕਿ ਬਾਹਰਲੀਆਂ ਵਸਤਾਂ ਇਸ ਕਰਕੇ ਵਸਤੂਗਤ ਹਨ ਕਿ ਉਹਨਾਂ ਦੀ ਹੋਂਦ ਨਿਵੇਕਲੀ ਅਤੇ ਸਾਡੇ ਸਰੀਰ ਤੋਂ ਬਾਹਰ ਹੈ। ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ 'ਵਹਾਈਟਹੈਡ' ਅਤੇ 'ਲੋਕ' ਨਾਮੀ ਚਿੰਤਕਾਂ ਦਾ ਸਾਂਝਾ ਮਤ ਪੇਸ਼ ਕਰਦਿਆਂ ਲਿਖਿਆ ਹੈ :

"ਪਦਾਰਥਾਂ ਵਿੱਚ ਉਹ ਗੁਣ ਪਰਤੱਖੇ ਜਾਂਦੇ ਹਨ, ਜੋ ਦਰਅਸਲ ਉਨ੍ਹਾਂ ਵਿੱਚ ਮੌਜੂਦ ਨਹੀਂ ਹੁੰਦੇ। ਇਹ ਗੁਣ ਤਾਂ ਪਰਤੱਖਣਹਾਰੇ ਦੇ ਮਨ ਵਿੱਚੋਂ ਪੈਦਾ ਹੁੰਦੇ ਹਨ।"[21]

ਅਜਾਇਬ ਕਮਲ ਜਦੋਂ ਲਿਖਦਾ ਹੈ ਕਿ "ਕਵਿਤਾ ਸਮਾਜਿਕ ਪ੍ਰਸੰਗ ਵਿੱਚ ਨਿੱਜੀ ਚੇਤਨਾ ਦਾ ਪ੍ਰਗਟਾਵਾ ਹੈ। ਨਿੱਜ ਅਚੇਤ ਹੋਵੇ ਤਾਂ ਵਿਆਪਕ ਅਰਥਹੀਣ ਹੋ ਜਾਂਦਾ ਹੈ।"[22] ਤਾਂ ਉਸਦੇ ਸ਼ਬਦਾਂ ਵਿੱਚੋਂ ਵੀ ਆਤਮਵਾਦੀ ਦਰਸ਼ਨ ਦੀਆਂ ਪ੍ਰਤੀਧੁਨੀਆਂ ਸੁਣਾਈ ਦੇਂਦੀਆਂ ਹਨ। ਅਜੇਹੇ ਆਤਮਵਾਦੀ ਦਰਸ਼ਨ ਦਾ ਝਲਕਾਰਾ ਰਵਿੰਦਰ ਰਵੀ ਦੀ ਰਚਨਾ ਵਿੱਚ ਸਹਿਜੇ ਹੀ ਮਿਲ ਜਾਂਦਾ ਹੈ :

ਮੈਂ ਬਿਨ ਮੇਰੀ ਬਾਤ ਨਹੀਂ ਹੈ
ਮੈਂ ਬਿਨ ਕੋਈ ਸਾਥ ਨਹੀਂ ਹੈ
ਮੈਂ ਬਿਨ ਹਸਤੀ ਬੇਪਰਤੀਤੀ
ਸੂਰਜ ਨਹੀਂ ਹੈ ਰਾਤ ਨਹੀਂ ਹੈ
ਮੈਂ ਵਿੱਚ ਬੋਧ ਰੁੱਤ ਉੱਗ ਆਈ
ਸਗਲੀ ਉਮਰ ਖਰਚ ਗੁਆ ਜਦ
ਬਣਵਾਸੀ ਗੱਲ ਆਪਣੇ ਪਣ ਦੀ।[23]

ਕਵੀ ਮੈਂ ਦੀ ਚੇਤਨਾ ਨੂੰ ਹੀ ਮਨੁੱਖੀ ਹੋਂਦ ਦੀ ਪ੍ਰਤੀਤੀ ਦਾ ਮੂਲ ਆਧਾਰ ਮੰਨਦਾ ਹੈ। ਇਸ ਲਈ ਬਾਹਰਮੁਖੀ ਪਸਾਰੇ ਨੂੰ ਮੈਂ ਨਾਲ ਜੋੜਦੇ ਹੋਏ ਬਾਹਰਮੁਖੀ ਯਥਾਰਥ ਨੂੰ ਗ੍ਰਹਿਣ ਕਰਨ ਦੀ ਇੱਕ ਨਵੀਂ ਵਿਧੀ ਦੀ ਤਲਾਸ਼ ਕੀਤੀ ਹੈ ਅਤੇ ਇਹ ਵਿਧੀ ਬਾਹਰਮੁਖੀ ਯਥਾਰਥ ਨੂੰ ਚੇਤਨਾ ਦੇ ਵੱਖਰੇ-ਵੱਖਰੇ ਪੱਧਰਾਂ ਤੇ ਮਾਨਸਿਕ ਪ੍ਰਕਿਰਿਆਵਾਂ ਦੇ ਰੂਪ ਵਿੱਚ ਪ੍ਰਗਟਾਉਣ ਦੀ ਹੈ। ਸੋ ਕਵੀ ਨੇ ਆਪਣੀ ਕਾਵਿ ਸਿਰਜਣ ਪ੍ਰਕਿਰਿਆ ਦੌਰਾਨ ਪਹਿਲਾਂ ਬਾਹਰਮੁਖੀ ਜਗਤ ਦੇ ਪ੍ਰਭਾਵ ਨੂੰ ਆਤਮ ਜਗਤ ਦਾ ਹਿੱਸਾ ਬਣਾਇਆ ਤੇ ਫੇਰ ਉਸ ਵਿੱਚੋਂ ਉਚਿਤ ਸਮੀਕਰਣ ਲੱਭ ਕੇ ਕਵਿਤਾ ਵਿੱਚ ਇੱਕ ਨਾਟਕੀ 'ਮੈਂ' ਦੇ ਰੂਪ ਨੂੰ ਉਜਾਗਰ ਕੀਤਾ ਹੈ। ਇਹੀ ਕਾਰਨ ਹੈ ਕਿ ਕਾਵਿ ਰਚਨਾ ਦਾ 'ਮੈਂ' ਪਾਤਰ ਆਪਣੀ ਨਿਜੀ ਹੋਂਦ ਦੇ ਗੇੜ ਵਿੱਚ ਉਲਝ ਕੇ ਰਹਿ ਜਾਣ ਦਾ ਸੰਤਾਪ ਭੋਗਦਾ ਹੈ। ਉਸ ਕੋਲ ਨਾ ਅਤੀਤ ਦਾ ਗੌਰਵ ਹੈ ਅਤੇ ਨਾ ਹੀ ਭਵਿੱਖ ਦਾ ਸੁਪਨਾ।

ਰਵਿੰਦਰ ਰਵੀ ਦੀ ਕਵਿਤਾ ਵਿੱਚ ਚੀਜ਼ਾਂ ਜਾਂ ਵਸਤਾਂ ਦੀ ਪ੍ਰਕਿਰਤੀ ਇੱਕ ਮੁਖੀ ਨਹੀਂ, ਸਗੋਂ ਬਹੁ-ਮੁਖੀ ਹੈ। ਮੰਦ-ਚੰਗ, ਆਸ਼ਾ-ਨਿਰਾਸ਼ਾ, ਆਤਮ-ਅਨਾਤਮ, ਅੰਦਰ-ਬਾਹਰ ਆਦਿ ਨੂੰ ਇੱਕ ਦੋਹਰੇ ਚੌਖਟੇ ਦੇ ਰੂਪ ਵਿੱਚ ਪਰਖਦਾ ਹੈ। ਮਨੁੱਖੀ ਹੋਂਦ ਦੀ ਛਿਣਭੰਗੁਰਤਾ, ਮੌਤ ਤੇ ਜੀਵਨ ਦੇ ਸੰਕਲਪਾਂ ਦੀ ਮਾਨਸਿਕ ਗੁੰਝਲ, ਵਿਅਕਤੀਗਤ ਹੋਦਾਂ, ਅਤ੍ਰਿਪਤੀਆਂ, ਤ੍ਰਿਸ਼ਨਾ ਤੇ ਲੋੜਾਂ ਦੇ ਟਾਕਰੇ ਤੇ ਸੁੰਗੜ ਰਹੇ ਸਾਧਨ,

ਮਨੁੱਖੀ ਵਿਅਕਤੀਤਵ ਦੀ ਅੰਦਰਲੀ ਅਤੇ ਬਾਹਰਲੀ ਗੁੰਝਲ, ਆਧੁਨਿਕ ਯੁੱਗ ਦਾ ਅਵਿਸ਼ਵਾਸ, ਨਿਪੁੰਸਕਤਾ, ਸੱਤਾ-ਹੀਣਤਾ ਆਦਿ ਕੁਝ ਅਜਿਹੇ ਕਾਰਨ ਹੈ ਜਿਨ੍ਹਾਂ ਵਿੱਚ ਮਨੁੱਖ ਦੀ ਸ਼ਖ਼ਸੀਅਤ ਵਿਖੰਡਤ ਹੋ ਕੇ ਰਹਿ ਗਈ ਹੈ ਅਤੇ ਉਸ ਦੇ ਸਾਹਮਣੇ ਇਹ ਪ੍ਰਸ਼ਨ ਉਭਰ ਕੇ ਆਉਂਦਾ ਹੈ ਕਿ ਅਜਿਹੀ ਸਥਿਤੀ ਵਿੱਚ ਜੀਵਨ ਦਾ ਕੀ ਕਰਨਾ ਹੈ। ਮੌਤ-ਚੇਤੰਨਤਾ ਤੋਂ ਪ੍ਰਾਪਤ ਸਦੀਵੀ ਜੀਵਨ-ਸੱਚ ਪਲ ਛਿਣ ਲਈ ਭਾਵੇਂ ਮਨੁੱਖ ਨੂੰ ਮਹਾਨ ਰਚਨਹਾਰਾ ਹੋਣ ਦੀ ਪ੍ਰਤੀਤੀ ਕਰਵਾ ਦਿੰਦਾ ਹੈ। ਪਰ ਜਦੋਂ ਮਨੁੱਖ ਨੂੰ ਆਪਣੀ ਆਯੂ ਦੀ ਛਿਣ-ਭੰਗਰਤਾ ਦਾ ਅਹਿਸਾਸ ਹੁੰਦਾ ਹੈ ਤਾਂ ਉਸਦੀ ਮਾਨਸਿਕ ਗੁੰਝਲ ਹੋਰ ਵੀ ਪੀਡੀ ਹੋ ਜਾਂਦੀ ਹੈ।

ਰਵਿੰਦਰ ਰਵੀ ਦੀ ਕਵਿਤਾ ਦੀ ਖ਼ੂਬੀ ਇਹ ਹੈ ਕਿ ਉਸਨੇ ਪਰੰਪਰਾਗਤ ਆਧੁਨਿਕ ਪੰਜਾਬੀ ਕਵਿਤਾ, ਜਿਹੜੀ ਕਿ ਪਿਆਰ ਨੂੰ ਕੇਵਲ ਕਾਲਪਨਿਕ ਜਗਤ ਵਿੱਚ ਹੀ ਮਾਣਦੀ ਸੀ, ਦੇ ਉਲਟ ਪਿਆਰ ਦੇ ਜਜ਼ਬੇ ਨੂੰ ਸੈਕਸ ਦਾ ਉਸਾਰ ਮੰਨ ਕੇ, ਪੂਰਨ ਰੂਪ ਵਿੱਚ ਮਾਨਣ ਦੀ ਗੱਲ ਕੀਤੀ ਹੈ। ਰਵਿੰਦਰ ਰਵੀ ਦੀ ਕਵਿਤਾ ਵਿੱਚ ਮਨੁੱਖੀ ਸੰਬੰਧਾਂ ਵਿੱਚ ਲਿੰਗਕ ਪਹੁੰਚ ਦਾ ਪ੍ਰਗਟਾ ਸਹਿਜੇ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ।

ਰੋਜ਼ ਕਮਲ ਫੁੱਲ ਦੀ ਇੱਛਾ ਕਰਨੀ
ਤੇ ਜੱਦੋ ਜ਼ਹਿਦ ਵਿੱਚ
ਚਿੱਕੜ ਨਾਲ ਲੱਥ ਪੱਥ ਹੋ ਜਾਣਾ,
ਦੁਰਗੰਧਾਂ ਵਿੱਚ ਆਪਣੀ ਮਹਿਕ ਗੁਆ ਲੈਣੀ।
ਕਮਲ ਫੁੱਲ!
ਚਿੱਕੜ ਦਾ ਆਨੰਦ!!!
ਮੈਨੂੰ ਕਾਮੋਦੀਪਤ ਇਸਤਰੀਆਂ ਤੋਂ ਦੂਰ ਲੈ ਜਾਓ!
ਮੈਂ ਨਿਪੁੰਸਕ ਨਹੀਂ ਹਾਂ।[24]

ਰਵਿੰਦਰ ਰਵੀ ਜਦੋਂ ਔਰਤ ਮਰਦ ਦੇ ਰਿਸ਼ਤੇ ਦੀ ਗੱਲ ਕਰਦਾ ਹੈ ਤਾਂ ਉਹ ਕਿਸੇ ਵੀ ਲੱਗ ਲਪੇਟ ਤੋਂ ਬਿਨਾਂ ਖੁੱਲ ਕੇ ਹਰ ਗੱਲ ਨੂੰ ਬਿਆਨ ਕਰਦਾ ਹੈ। ਇਸ ਦੀਆਂ ਕਵਿਤਾਵਾਂ ਮਾਨਵੀ ਰਿਸ਼ਤਿਆਂ ਦੇ ਨਵੇਂ ਪਰਿਪੇਖ ਸਿਰਜਦੀਆਂ ਹਨ। ਪਰ ਜੇਕਰ ਜ਼ਰਾ ਗਹੁ ਨਾਲ ਰਵੀ ਦੀਆਂ ਰਚਨਾਵਾਂ ਨੂੰ ਵੇਖਿਆ ਜਾਵੇ ਤਾਂ ਰਵੀ ਲਿੰਗ ਵਿਤਕਰੇ ਵਰਗੇ ਤੰਗ ਦਾਅਰਿਆਂ ਨੂੰ ਉਲੰਘ ਕੇ ਇਸਤਰੀ ਮਰਦ ਨੂੰ ਬਰਾਬਰ ਦੀ ਧਿਰ ਸਵੀਕਾਰ ਕਰਦਾ ਹੈ। ਰਵਿੰਦਰ ਰਵੀ ਦੀਆਂ ਕਵਿਤਾਵਾਂ ਇਸਤਰੀ ਆਜ਼ਾਦੀ ਦੀ ਗੱਲ ਹੀ ਨਹੀਂ ਕਰਦੀਆਂ ਬਲਕਿ ਇਸਦੇ ਹੱਕ ਵਿੱਚ ਇੱਕ ਸੰਪੂਰਨ ਵਿਚਾਰ ਪ੍ਰਬੰਧ ਵਾਂਗ ਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਸਤਰੀ ਮਰਦ ਦੇ ਸੰਬੰਧਾਂ ਨੂੰ ਬੇਬਾਕੀ ਨਾਲ ਪੇਸ਼ ਕਰਨਾ ਹੀ ਰਵਿੰਦਰ ਰਵੀ ਦੀਆਂ ਕਵਿਤਾਵਾਂ ਦਾ ਮੂਲ ਸ੍ਰੋਤ ਹੈ। ਰਵਿੰਦਰ

ਰਵੀ ਬੜੇ ਤਿੱਖੇ ਢੰਗ ਨਾਲ ਔਰਤ ਦੇ ਹੱਕ ਦੀ ਗੱਲ ਕਰਦਾ ਹੈ। ਪੱਛਮ ਵਿੱਚ ਰਹਿੰਦਿਆਂ ਉਸ ਨੂੰ ਔਰਤ ਦੀ ਖੁੱਲ ਬਹੁਤ ਪ੍ਰਭਾਵਿਤ ਕਰਦੀ ਹੈ। ਉਹ ਲੜਕੀ ਦੇ ਜਨਮ ਨੂੰ ਬੜੀ ਖੁਸ਼ੀ ਵਾਲੀ ਗੱਲ ਸਮਝਦਾ ਹੈ। ਉਹ ਉਸ ਨੂੰ ਭਵਿੱਖ ਦੀ ਮਾਂ ਦਾ ਰੁਤਬਾ ਵੀ ਦਿੰਦਾ ਹੈ।

ਪਰ ਇਸ ਸਭ ਦੇ ਨਾਲ-ਨਾਲ ਰਵਿੰਦਰ ਰਵੀ ਨੇ ਆਪਣੀਆਂ ਕਵਿਤਾਵਾਂ ਵਿੱਚ ਅੱਜ ਦੇ ਮਨੁੱਖ ਵਿੱਚ ਆ ਰਹੀ ਨੈਤਿਕ ਗਿਰਾਵਟ ਨੂੰ ਵੀ ਛੋਹਿਆ ਹੈ। ਕਵੀ ਮਨੁੱਖ ਦੀ ਨੈਤਿਕਤਾ ਪ੍ਰਤੀ ਚਿੰਤਤ ਹੈ ਅਤੇ ਇਸ ਦੀ ਗੱਲ ਕਰਦਾ ਹੈ। ਉਹ ਦੱਸਦਾ ਹੈ ਕਿ ਮਨੁੱਖ ਰਿਸ਼ਤਿਆਂ ਦੀ ਪਾਕੀਜ਼ਗੀ ਤੋਂ ਮੁਨਕਰ ਹੋ ਰਿਹਾ ਹੈ। ਅੱਜ ਦੇ ਯੁੱਗ ਵਿੱਚ ਉਸ ਨੇ ਸਰੋਗੇਟ ਮਾਵਾਂ, ਨਕਲੀ ਵੀਰਜ ਸਿੰਜਣ ਪ੍ਰਕਿਰਿਆ, ਮਾਨਵੀ ਕਲੋਨ, ਟੈਸਟ ਟਿਊਬ ਬੇਬੀ, ਨਕਲੀ ਕਾਮ ਭੋਗ ਯੰਤਰ ਆਦਿ ਦੀ ਖੋਜ ਤਾਂ ਕਰ ਲਈ ਹੈ ਪਰ ਇਨ੍ਹਾਂ ਸਭ ਰਾਹੀਂ ਮਾਨਵੀ ਰਿਸ਼ਤਿਆਂ ਦੀ ਪ੍ਰਕਿਰਤੀ ਤੇ ਪਹਿਚਾਣ ਸ਼ੱਕ ਤੇ ਸੰਕਟ ਭਰਪੂਰ ਸਥਿਤੀ ਵਿੱਚ ਪਹੁੰਚ ਗਈ ਹੈ। ਉਸਦੇ ਕਾਵਿ ਬੋਲ ਹਨ :

ਟੈਸਟ ਟਿਊਬ ਪੀੜੀ ਬਾਰੇ
ਜਦ ਵੀ ਸੋਚਾਂ,
ਜੀਵਨ ਦੀ ਬੁਨਿਆਦ ਨਿਘਰਦੀ;
...................................
ਮਨੁੱਖ ਦਾ ਨਾਮ ਲਵੋ, ਤਾਂ
ਨੰਬਰ ਬੋਲਦੇ ਹਨ।
ਪਿਉ ਦਾ ਨਾਮ ਪੁੱਛੋ ਤਾਂ
ਟੈਸਟ ਟਿਊਬ ਉਠਦੀ ਹੈ –
ਅੱਜ ਧਰਤੀ ਮਸ਼ੀਨ ਦੀ ਸੌਂਹ ਚੁੱਕਦੀ ਹੈ।
ਜੀਵਨ ਦਾ ਆਧਾਰ ਬਦਲਿਆ
ਚਿੰਤਨ ਦਾ ਮਯਾਰ ਬਦਲਿਆ।[25]

ਮਨੁੱਖ ਦੀ ਨੈਤਿਕ ਗਿਰਾਵਟ ਲਈ ਕੁਝ ਹੱਦ ਤੱਕ ਮਨੁੱਖ ਦੁਆਰਾ ਸਾਜੀ ਗਈ ਮਸ਼ੀਨ ਵੀ ਜ਼ਿੰਮੇਵਾਰ ਹੈ। ਇਸ ਮਸ਼ੀਨੀਕਰਣ ਦੇ ਦੌਰ ਵਿੱਚ ਮਨੁੱਖ ਦੇ ਮਨੁੱਖ ਨਾਲੋਂ ਫ਼ਾਸਲੇ ਵੱਧ ਰਹੇ ਹਨ। ਰਵਿੰਦਰ ਰਵੀ ਨੇ ਇਸ ਸਭ ਨੂੰ ਆਪਣੇ ਕਾਵਿ ਦੇ ਰਾਹੀਂ ਚਿਤਰਿਆ ਹੈ। ਉਸਦੀ ਕਾਵਿ ਸੰਵੇਦਨਾ ਨੇ ਮਨੁੱਖ ਨੂੰ ਇੱਕ ਸਵਸਥ ਮਨੁੱਖ ਬਨਾਉਣ ਲਈ ਉਸ ਅੰਦਰੋਂ ਬੇਗਾਨੀਅਤ ਅਤੇ ਸਵਾਰਥੀਪਨ ਦੇ ਅਹਿਸਾਸ ਨੂੰ ਬਾਹਰ ਕੱਢਣ ਦਾ ਯਤਨ ਕੀਤਾ ਹੈ। ਰਵਿੰਦਰ ਰਵੀ ਇਸ ਗੱਲ ਨੂੰ ਮੰਨਦਾ ਹੈ ਕਿ ਆਧੁਨਿਕ ਮਨੁੱਖ ਦੀ ਕਾਰਜ-ਭੂਮੀ ਤਕਨਾਲੌਜੀ ਨਾਲ

ਜੁੜੀ ਹੋਈ ਹੈ ਅਤੇ ਉਸਦੇ ਅੰਦਰ ਅਤੇ ਬਾਹਰ ਦੋਨਾਂ ਪਾਸੇ ਮਾਇਆ ਹੀ ਬਿਰਾਜਮਾਨ ਹੈ ਅਤੇ ਉਸ ਨੇ ਮਾਇਆ ਨੂੰ ਪਹਿਲੀ ਥਾਂ ਦੇ ਕੇ ਖੁਦ ਨੂੰ ਦੂਜੈਲੀ ਥਾਂ ਦੇ ਦਿੱਤੀ ਹੈ। ਰਵਿੰਦਰ ਰਵੀ ਨੇ ਮਨੁੱਖ ਦੀ ਇਸ ਸਥਿਤੀ ਨੂੰ ਦੁੱਖ ਦੀ ਸਥਿਤੀ ਮੰਨਿਆ ਹੈ। ਕਵੀ ਇਹ ਵੀ ਚਾਹੁੰਦਾ ਹੈ ਕਿ ਅੱਜ ਦਾ ਮਨੁੱਖ ਇਸ ਸਥਿਤੀ ਨੂੰ ਸਮਝੇ ਅਤੇ ਉਸ ਦੇ ਖੁਦ ਦੁਆਰਾ ਹੋਂਦ ਵਿੱਚ ਲਿਆਂਦੀ ਹੋਈ ਵਸਤੂ ਨੂੰ ਆਪਣੀ ਹੋਂਦ ਖਤਮ ਨਾ ਕਰਨ ਦੇਵੇ। ਰਵਿੰਦਰ ਰਵੀ ਦੀ ਕਾਵਿ ਸੰਵੇਦਨਾ ਦਾ ਮੁੱਖ ਸਰੋਕਾਰ ਹੀ ਇਹ ਹੈ।

ਰਵਿੰਦਰ ਰਵੀ ਨੇ ਪੂੰਜੀਵਾਦੀ ਵਿਵਸਥਾ ਵਿੱਚ ਮਸ਼ੀਨ ਬਣੀ ਸਭਿਅਤਾ ਅਤੇ ਸੰਸਕ੍ਰਿਤੀ ਦੇ ਅਨੁਭਵਾਂ ਨੂੰ ਆਪਣੇ ਕਾਵਿ ਵਿੱਚ ਪੇਸ਼ ਤਾਂ ਕੀਤਾ ਹੈ ਪਰ ਉਹ ਇਸ ਦੇ ਮਾਰੂ ਪ੍ਰਭਾਵਾਂ ਨਾਲ ਹੋ ਰਹੇ ਮਨੁੱਖ ਦੇ ਵਿਘਟਨ ਦੀ ਗੱਲ ਕਰਦਾ ਹੈ। ਉਹ ਇਸ ਤਰ੍ਹਾਂ ਦੀ ਵਿਕਰਾਲ ਮਾਨਵੀ ਸਭਿਅਤਾ ਤੋਂ ਡਰਦਾ ਹੈ ਅਤੇ ਇਸਦੇ ਬੁਰੇ ਨਤੀਜਿਆਂ ਪ੍ਰਤੀ ਚਿੰਤਤ ਹੈ। ਜਿਵੇਂ :

> ਨਜ਼ਰ ਤਕਦੀ ਹੈ ਖਲਾਅ, ਪੈਰ ਤੁਰਦੇ ਹਨ ਖਲਾਅ,
> ਸੋਚ ਬੁਣਦੀ ਹੈ ਖਲਾਅ, ਪੈਰ ਬੁਣਦੇ ਹਨ ਖਲਾਅ,
> ਖਲਾਅ ਤੋਂ ਖਲਾਅ ਤੱਕ ਦੀ ਪ੍ਰਾਪਤੀ
> ਖਲਾਅ ਤੋਂ ਖਲਾਅ ਤੱਕ ਦਾ ਫਾਸਲਾ
> ......................................................
> ਰਿਸ਼ਤਿਆਂ ਦੀ ਭੀੜ ਵਿੱਚ ਕੱਲਾ ਜਿਹਾ।[26]

ਇਹ ਕਵਿਤਾ ਆਧੁਨਿਕ ਮਨੁੱਖ ਦੇ ਖੰਡਿਤ, ਵਿਚਲਿਤ, ਸੀਮਤ ਅਤੇ ਜੀਵੰਤ ਜੀਵਨ ਧਾਰਾ ਤੋਂ ਟੁੱਟੇ ਹੋਏ ਅਨੁਭਵ ਦਾ ਸ਼ਾਬਦਿਕ ਰੂਪਾਂਤਰਣ ਕਰਦੀ ਹੈ।

ਰਵਿੰਦਰ ਰਵੀ ਦੀ ਕਾਵਿ ਸੰਵੇਦਨਾ ਦਾ ਫ਼ਿਕਰ ਇਹ ਹੈ ਕਿ ਮਨੁੱਖ ਮਸ਼ੀਨ ਨਾਲ ਮਸ਼ੀਨ ਹੀ ਨਾ ਹੋ ਜਾਏ। ਕਿਉਂਕਿ ਉਸ ਨੇ ਮਨੁੱਖ ਨਾਲੋਂ ਨਾਤਾ ਤੋੜ ਕੇ ਮਸ਼ੀਨ ਨਾਲ ਨਾਤਾ ਜੋੜ ਲਿਆ ਹੈ। ਰਵੀ ਨੂੰ ਲਗਦਾ ਹੈ ਕਿ ਮਨੁੱਖ ਇਨਸਾਨ ਘੱਟ ਅਤੇ ਮਸ਼ੀਨ ਜ਼ਿਆਦਾ ਬਣ ਗਿਆ ਹੈ। ਉਹ ਮਨੁੱਖ ਨੂੰ ਇਸ ਪ੍ਰਤੀ ਸੁਚੇਤ ਕਰਦਾ ਲਿਖਦਾ ਹੈ :

> ਕਮਰੇ ਵਿੱਚ
> ਕੰਪਿਊਟਰ ਦੀ ਅਸੁਣੀ ਟਿਕ ਟਿਕ ਹੋਵੇਗੀ
> ਘਣੀ ਸੰਘਣੀ ਚੁੱਪ
> ਤੇ ਕੰਪਿਊਟਰ ਸੌਂਹੇ ਹਰ ਵਿਦਿਆਰਥੀ,

ਕੰਪਿਊਟਰ ਬਣ ਬੈਠੇਗਾ !

ਮਸ਼ੀਨ ਵਲ ਨੂੰ ਜਾ ਰਹੇ ਵਿਅਕਤੀ ਦਾ

ਮਸ਼ੀਨ ਬਣਨਾ ਲਾਜ਼ਮੀ ਹੈ ਕੀ????[27]

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਯੁੱਗ ਬਦਲ ਚੁੱਕਾ ਹੈ ਅਤੇ ਸਮੇਂ ਨੇ ਕਦੇ ਵੀ ਪਿੱਛੇ ਨਹੀਂ ਜਾਣਾ ਹੁੰਦਾ। ਮਨੁੱਖ ਨੇ ਹੀ ਆਪਣੇ ਆਪ ਨੂੰ ਯੁੱਗ ਅਤੇ ਸਮੇਂ ਦੇ ਹਾਣ ਦਾ ਬਣਾ ਕੇ ਪੇਸ਼ ਕਰਨਾ ਹੁੰਦਾ ਹੈ। ਪਰ ਪਰਵਾਸੀ ਸਮਾਜ ਅਤੇ ਸਭਿਆਚਾਰ ਦਾ ਇਸ ਯੁੱਗ ਵਿੱਚ ਏਨਾ ਮਸ਼ੀਨੀਕਰਣ ਹੋ ਗਿਆ ਹੈ, ਲੋਕ ਏਨੇ ਵਿਅਕਤੀਵਾਦੀ ਹੋ ਗਏ ਹਨ ਕਿ ਮਨੁੱਖ, ਮਨੁੱਖ ਘੱਟ ਅਤੇ ਮਸ਼ੀਨ ਬਣਿਆ ਜ਼ਿਆਦਾ ਦਿਖਦਾ ਹੈ। ਇਸੇ ਗੱਲ ਨੂੰ ਰਵੀ ਆਪਣੀਆਂ ਕਵਿਤਾਵਾਂ ਵਿੱਚ ਜ਼ਿਆਦਾ ਉਤਾਰਦਾ ਹੈ।

ਪੂੰਜੀ ਵੀ ਮਾਨਵੀ ਰਿਸ਼ਤਿਆਂ ਦੇ ਵਿਘਟਨ ਦਾ ਇੱਕ ਖਾਸ ਮੁੱਦਾ ਹੈ। ਪੂੰਜੀ ਦੀ ਪ੍ਰਾਪਤੀ ਲਈ ਲੱਗੀ ਦੌੜ ਵਿੱਚ ਮਨੁੱਖ ਰਿਸ਼ਤਿਆਂ ਨੂੰ ਉਲੰਘ ਕੇ ਤੇਜੀ ਨਾਲ ਪੂੰਜੀ ਸਿਰਜਤ ਰਿਸ਼ਤਿਆਂ ਨੂੰ ਅਪਨਾ ਰਿਹਾ ਹੈ। ਅੱਜ ਦੇ ਮਨੁੱਖ ਕੋਲ ਖੁਦ ਨਾਲ ਗੱਲ ਕਰਨ ਦੀ ਵੀ ਵਿਹਲ ਨਹੀਂ ਹੈ। ਜਦੋਂ ਇੱਕ ਇਨਸਾਨ ਦਾ ਖੁਦ ਨਾਲੋਂ ਹੀ ਰਿਸ਼ਤਾ ਟੁੱਟ ਰਿਹਾ ਹੈ ਤਾਂ ਉਹ ਕਿਸੇ ਦੂਸਰੇ ਨਾਲ ਕੀ ਰਾਬਤਾ ਰੱਖੇਗਾ? ਅੱਜ ਦਾ ਮਨੁੱਖ ਖੰਡਿਤ ਮਾਨਸਿਕਤਾ ਨਾਲ ਖੰਡਿਤ ਮਾਨਵੀ ਰਿਸ਼ਤਿਆਂ ਨੂੰ ਹੰਢਾਉਣ ਲਈ ਮਜਬੂਰ ਹੋ ਰਿਹਾ ਹੈ।

ਰਵਿੰਦਰ ਰਵੀ ਦੇ ਕਾਵਿ ਸੰਚਾਰ ਦਾ ਸਰੂਪ ਬਿਲਕੁਲ ਮੌਲਿਕ ਹੈ। ਉਹ ਆਧੁਨਿਕ ਮਨੁੱਖ ਦੀਆਂ ਪੇਚੀਦਗੀਆਂ, ਕਮੀਨੇਪਨ ਅਤੇ ਦੰਭੀ ਕਿਰਦਾਰ ਨੂੰ ਸਪਸ਼ਟ ਸ਼ਬਦਾਂ ਵਿੱਚ ਭੰਡਦਾ ਹੈ ਅਤੇ ਇਸ ਪੇਸ਼ਕਾਰੀ ਸਮੇਂ ਉਹ ਕਿਸੇ ਲੱਗ ਲਪੇਟ ਤੋਂ ਕੰਮ ਨਹੀਂ ਲੈਂਦਾ। ਉਹ ਜੀਵਨ ਦੇ ਨੰਗੇ ਸੱਚ ਨੂੰ ਤਿੱਖੇ ਸ਼ਬਦਾਂ ਦੇ ਮਾਧਿਅਮ ਦੁਆਰਾ ਪ੍ਰਸਤੁਤ ਕਰਦਾ ਹੈ। ਮਸ਼ੀਨੀ ਯੁੱਗ ਵਿੱਚ ਮਸ਼ੀਨ ਬਣੇ ਮਨੁੱਖ ਦੀ ਜੀਵਨ ਕਹਾਣੀ ਨੂੰ ਪੇਸ਼ ਕਰਦਾ ਹੋਇਆ ਉਹ ਅਜਿਹੇ ਕਾਵਿ ਮੁਹਾਵਰੇ ਸਿਰਜਦਾ ਹੈ ਜਿਸ ਵਿੱਚ ਕੋਈ ਸੰਗੀਤ ਰਸ ਨਹੀਂ ਹੁੰਦਾ ਸਗੋਂ ਰੱਖੇ ਜੀਵਨ ਦੀ ਕਹਾਣੀ ਨੂੰ ਰੁੱਖੇ ਸ਼ਬਦਾਂ ਵਿੱਚ ਬਿਆਨ ਕਰਦਾ ਹੈ। ਰਵਿੰਦਰ ਰਵੀ ਅੰਤਰਰਾਸ਼ਟਰੀ ਸਭਿਆਚਾਰ ਦਾ ਹਿੱਸਾ ਬਣ ਕੇ ਜਿਉਂਦਾ ਹੈ। ਪਰ ਉਸ ਦੇ ਸੰਸਕਾਰ ਉਸ ਨੂੰ ਅੱਗੇ ਵਧਣ ਤੋਂ ਰੋਕਦੇ ਹਨ। 'ਖਲਾਅ ਅੰਦਰ ਖਲਾਅ' ਕਵਿਤਾ ਵਿੱਚ ਰਵੀ ਕਹਿੰਦਾ ਹੈ :

ਉਮਰ ਦੇ ਪੱਥ ਤੇ,

ਇਸ ਤਰਫ਼ ਵੀ ਖਲਾਅ ਹੈ,

ਉਸ ਤਰਫ਼ ਵੀ ਖਲਾਅ ਹੈ!!!

ਕਦੇ ਕਦੇ ਇੰਜ ਜਾਪਦਾ ਹੈ ਜਿਵੇਂ

ਇਹ ਦੁਨੀਆ ਇੱਕ ਬਹੁਤ ਵੱਡਾ ਰੇਲਵੇ ਸਟੇਸ਼ਨ ਹੋਵੇ –
ਤੇ ਹਰ ਵਿਅਕਤੀ ਆਪੋ ਆਪਣਾ ਖ਼ਲਾਅ ਸਮੇਟੀ,
ਲਾਈਨਾਂ ਦੇ ਅਨੰਤ ਮਕੜ-ਜਾਲ ਦੇ ਹਵਾਲੇ,
ਸ੍ਵੈਕਾਰ ਵਾਹਣ ਵਾਂਗ –
ਵੱਸੋਂ ਬਾਹਰ ਹੋਏ ਕੰਟਰੋਲ ਹੇਠ
ਲਗਾਤਾਰ ਸ਼ੰਟ ਹੋ ਰਿਹਾ ਹੋਵੇ :
ਇਸ ਤਰਫ਼, ਉਸ ਤਰਫ਼, ਹਰ ਤਰਫ਼, ਖਲਾਅ ਵਿੱਚ .........[28]

ਰਵੀ ਸਮਾਜ ਵਿੱਚ ਵਾਪਰ ਰਹੇ ਅਣਮਨੁੱਖੀ ਵਰਤਾਰਿਆਂ ਪ੍ਰਤੀ ਚਿੰਤਤ ਹੈ ਅਤੇ ਉਹ ਆਪਣੀ ਕਵਿਤਾ ਰਾਹੀਂ ਇਹ ਦੱਸਣਾ ਚਾਹੁੰਦਾ ਹੈ ਕਿ ਮਨੁੱਖ ਨੇ ਤਰੱਕੀ ਤਾਂ ਬਹੁਤ ਕਰ ਲਈ ਹੈ ਪਰ ਸਭਿਆਚਾਰਿਕ ਤਰੱਕੀ ਦੇ ਪੱਖ ਤੋਂ ਮਨੁੱਖ ਪਛੜਿਆ ਹੀ ਦਿਖਾਈ ਦਿੰਦਾ ਹੈ। ਰਵੀ ਅੱਜ ਦੇ ਮਨੁੱਖ ਨੂੰ ਹਰ ਕੋਣ ਤੋਂ ਵੇਖਣ ਦਾ ਯਤਨ ਕਰਦਾ ਹੈ। ਡਾ. ਸੁਦਰਸ਼ਨ ਗਾਸੋ ਅਨੁਸਾਰ :

> "ਰਵਿੰਦਰ ਰਵੀ ਦੀ ਕਵਿਤਾ ਨੂੰ ਆਧੁਨਿਕ ਬੋਧ ਦੇ ਦਾਇਰੇ ਵਿੱਚ ਰੱਖ ਕੇ ਵਧੇਰੇ ਗਹਿਰਾਈ ਵਿੱਚ ਸਮਝਿਆ ਜਾ ਸਕਦਾ ਹੈ। ਉਸਦਾ ਅਨੁਭਵ ਅਜੋਕੇ ਮਨੁੱਖ ਨੂੰ ਅਨੇਕਾਂ ਕੋਣਾਂ ਤੋਂ ਵੇਖਣ ਦਾ ਪ੍ਰਯਤਨ ਕਰਦਾ ਹੈ। ਇਸ ਤਰ੍ਹਾਂ ਉਸ ਦੁਆਰਾ ਪ੍ਰਸਤੁਤ ਕਾਵਿ ਅਨੁਭਵ ਸਮਕਾਲੀ ਯਥਾਰਥ ਦਾ ਸਾਰਥਿਕ ਬਿੰਬ ਪੇਸ਼ ਕਰਦਾ ਹੈ।"[29]

ਰਵਿੰਦਰ ਰਵੀ ਨੇ ਜਦੋਂ ਪਰਵਾਸ ਧਾਰਿਆ ਤਾਂ ਉਸ ਦੀ ਕਵਿਤਾ ਨਾਲ ਕਈ ਪਰਵਾਸੀ ਸਰੋਕਾਰ ਜੁੜ ਗਏ। ਰਵਿੰਦਰ ਰਵੀ ਦੀ ਵਿਚਾਰਧਾਰਾਈ ਸੰਰਚਨਾ ਨੂੰ ਜੇ ਉਸ ਦੀ ਸਿਰਜਣਾਤਮਕ ਸੰਰਚਨਾ ਦੇ ਪ੍ਰਸੰਗ ਵਿੱਚ ਵੇਖਿਆ ਜਾਵੇ ਤਾਂ ਉਸ ਦੀਆਂ ਕਾਵਿ ਰਚਨਾਵਾਂ ਦਾ ਵੱਡਾ ਹਿੱਸਾ ਵਿਦੇਸ਼ੀ ਸਰੋਕਾਰਾਂ ਅਤੇ ਪਰਵਾਸੀ ਪ੍ਰਸੰਗਾਂ ਨੂੰ ਪ੍ਰਣਾਇਆ ਹੋਇਆ ਹੈ।

ਰਵਿੰਦਰ ਰਵੀ ਮਨੁੱਖ ਦੇ ਪੀੜੀਗਤ ਰਿਸ਼ਤਿਆਂ ਨਾਲ ਆਪਣੀ ਸਾਂਝ ਪਾਉਂਦਾ ਹੈ। ਰਵਿੰਦਰ ਰਵੀ ਕਾਵਿ ਵਿੱਚ ਪੇਸ਼ ਕੀਤੇ ਮਾਨਵੀ ਰਿਸ਼ਤੇ ਬਹੁਪਰਤੀ ਭਾਸ਼ਕ ਜੁਗਤਾਂ ਨਾਲ ਰੂਪਮਾਨ ਹੁੰਦੇ ਹਨ। ਰਵਿੰਦਰ ਰਵੀ ਦੇ ਮਾਨਵੀ ਰਿਸ਼ਤਿਆਂ ਦੀ ਵਿਭਿੰਨਤਾ ਦਾ ਕਾਰਨ ਉਸ ਦੀ ਅੰਤਰ-ਸਭਿਆਚਾਰਿਕ ਸੂਝ ਅਤੇ ਸੰਸਾਰ ਯਾਤਰਾ ਦੇ ਅਨੁਭਵ ਹੀ ਹਨ। ਮਾਨਵੀ ਰਿਸ਼ਤੇ ਰਵਿੰਦਰ ਰਵੀ ਦੀਆਂ ਕਵਿਤਾਵਾਂ ਵਿੱਚ ਨਿਰੰਤਰ ਵਿਕਾਸ ਕਰਦੇ ਨਜ਼ਰ ਆਉਂਦੇ ਹਨ। ਕਾਵਿ ਰਚਨਾ ਦੇ ਵਿਭਿੰਨ ਮਾਧਿਅਮਾਂ ਰਾਹੀਂ ਉਹ ਆਪਣੀ ਜ਼ਾਤ ਅਤੇ ਵਿਸ਼ਵੀ ਚੇਤਨਾ ਦੇ ਸੰਕਲਪ ਦੇ ਅੰਤਰਗਤ ਆਪਣੀ ਰਚਨਾ ਵਿੱਚ ਚਿਤ੍ਰਿਤ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਸਰੋਕਾਰਾਂ ਨੂੰ ਆਪਣੀ ਕਾਵਿ ਰਚਨਾ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ।

ਰਵਿੰਦਰ ਰਵੀ ਨੇ ਅੰਤਰ-ਸਭਿਆਚਾਰਿਕ ਅਨੁਭਵਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਆਪਣੀਆਂ ਕਾਵਿ ਰਚਨਾਵਾਂ ਵਿੱਚ ਰੂਪਾਂਤਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਰਵੀ ਦੀਆਂ ਕਵਿਤਾਵਾਂ ਸਮਾਜ ਪ੍ਰਤਿ ਤਨਾਓ ਤੇ ਵਿਰੋਧ ਸਿਰਜਦੀਆਂ ਹਨ। ਉਸ ਦੀਆਂ ਰਚਨਾਵਾਂ ਵਿੱਚ ਮਾਨਵ ਵਿਕਾਸ ਲਈ ਬਹੁਤ ਜਗ੍ਹਾ ਹੈ। ਉਹ ਵਿਅਕਤੀ ਨੂੰ ਵਿਸ਼ੇਸ਼ ਮੰਨ ਕੇ ਉਸ ਦੀਆਂ ਸੰਭਾਵਨਾਵਾਂ ਅਤੇ ਅਕਾਂਖਿਆਵਾਂ ਨੂੰ ਵਿਗਸਣ ਲਈ ਆਧਾਰ ਪ੍ਰਦਾਨ ਕਰਨ ’ਤੇ ਵੀ ਬਲ ਦਿੰਦਾ ਹੈ। ਰਵਿੰਦਰ ਰਵੀ ਦੀ ਕਾਵਿ ਰਚਨਾ ਅਮਾਨਵੀ ਸਰੋਕਾਰਾਂ ਨੂੰ ਰੱਦ ਕਰਦੀ ਹੈ ਅਤੇ ਸੰਘਰਸ਼ ਕਰਕੇ ਖੁਸ਼ਹਾਲ ਜੀਵਨ ਦਾ ਸੁਪਨਾ ਸੰਜੋਦੀ ਹੈ। ਜਿਵੇਂ :

ਮੈਂ ਫਿਰ ਤੁਰਿਆ ਫੜਨ ਸੂਰਜ
ਆਕਾਸ਼ ’ਚੋਂ, ਖਲਾਅ ’ਚੋਂ।[30]

ਰਵੀ ਦੀ ਕਵਿਤਾ ਜ਼ਿੰਦਗੀ ਦੇ ਸੰਘਰਸ਼ ਅਤੇ ਪ੍ਰਵਾਸ ਨੂੰ ਵਡਿਆਉਂਦੀ ਹੋਈ ਪੂੰਜੀਵਾਦੀ/ਪਦਾਰਥਵਾਦੀ ਸ਼ੈਲੀਆਂ ਨੂੰ ਨਿੰਦਦੀ ਹੈ। ਉਸ ਦੀ ਸਮੁੱਚੀ ਕਵਿਤਾ ਨੂੰ ਧਿਆਨ ਨਾਲ ਦੇਖਿਆ ਪਤਾ ਚਲਦਾ ਹੈ ਕਿ ਰਵੀ ਦੀ ਕਵਿਤਾ ਮਨੁੱਖੀ ਜੀਵਨ ਯਥਾਰਥ ਦੇ ਜਟਿਲ ਪ੍ਰਪੰਚ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਬੜੀ ਗਹਿਰਾਈ ਅਤੇ ਵਿਸ਼ਾਲਤਾ ਵਿੱਚ ਜਾ ਕੇ ਪ੍ਰਗਟਾਉਂਦੀ ਹੈ। ਆਪਣੇ ਆਲੇ-ਦੁਆਲੇ ਪਸਰੇ ਰਾਜਨੀਤਿਕ, ਆਰਥਿਕ, ਸਭਿਆਚਾਰਿਕ ਹਾਲਾਤ ਅਤੇ ਗੁੰਝਲਾਂ ਆਦਿ ਨੂੰ ਰਵੀ ਆਪਣੀ ਕਵਿਤਾ ਦਾ ਮੂਲ ਬਿੰਦੂ ਬਣਾਉਂਦਾ ਹੈ। ਪਦਾਰਥਕ ਜ਼ਿੰਦਗੀ, ਲਿੰਗਵਾਦ, ਨਸਲਵਾਦ, ਹੇਰਵਾ, ਮਾਨਵ ਦੀ ਪਛਾਣ, ਸਭਿਆਚਾਰਿਕ ਸੰਕਟ, ਵਾਤਾਵਰਣ ਪ੍ਰਦੂਸ਼ਣ, ਐਟਮੀ ਡਰ ਵਰਗੇ ਸੰਕਟ ਅਤੇ ਸੰਤਾਪ ਰਵੀ ਦੀ ਕਾਵਿ ਸੰਵੇਦਨਾ ਦੇ ਪ੍ਰਮੁੱਖ ਹਿੱਸੇ ਹਨ।

ਜਿਵੇਂ ਰਵਿੰਦਰ ਰਵੀ ਔਰਤ ਨੂੰ ਸਮਾਜ ਵਿੱਚ ਮਰਦ ਦੇ ਬਰਾਬਰ ਦੀ ਧਿਰ ਸਵੀਕਾਰ ਕਰਦਾ ਹੈ। ਉਸੇ ਤਰ੍ਹਾਂ ਉਹ ਪੀੜ੍ਹੀਆਂ ਦੇ ਰਿਸ਼ਤੇ ਨੂੰ ਪੰਜਾਬੀ ਸਭਿਆਚਾਰ ਅਨੁਸਾਰ ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਾਲੇ ਮੂਲ ਰਿਸ਼ਤੇ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ। ਰਵਿੰਦਰ ਰਵੀ ਮਨੁੱਖ ਦੇ ਪੀੜੀਗਤ ਰਿਸ਼ਤਿਆਂ ਨਾਲ ਆਪਣੀ ਸਾਂਝ ਪਾਉਂਦਾ ਹੈ। ਉਹ ਆਪਣੇ ਕਾਵਿ ਵਿੱਚ ਮਾਨਵੀ ਰਿਸ਼ਤਿਆਂ ਨੂੰ ਬਹੁਪਰਤੀ ਭਾਸ਼ਕ ਜੁਗਤਾਂ ਦੁਆਰਾ ਰੂਪਮਾਨ ਕਰਦਾ ਹੈ। ਰਵਿੰਦਰ ਰਵੀ ਪਰਵਾਸ ਭੋਗ ਰਹੀਆਂ ਵਿਭਿੰਨ ਪੀੜੀਆਂ ਦੇ ਦਰਦ ਨੂੰ ਜ਼ੁਬਾਨ ਦੇਣ ਵਾਲਾ ਕਵੀ ਹੈ। ਡਾ. ਚੂਹੜ ਸਿੰਘ ਆਪਣੀ ਪੁਸਤਕ ‘ਪਰਵਾਸੀ ਪੰਜਾਬੀ ਕਾਵਿ ਚਿੰਤਨ’ ਵਿੱਚ ਪੀੜੀ ਪਾੜੇ ਦੀ ਗੱਲ ਕਰਦਾ ਕਹਿੰਦਾ ਹੈ ਕਿ :

> “ਪੀੜੀ ਵਿੱਥ ਦਾ ਮੂਲ ਆਧਾਰ ਸਭਿਆਚਾਰਿਕ ਵਿੱਥ ਹੈ। ਵੱਖ-ਵੱਖ ਸਭਿਆਚਾਰਾਂ ਦੇ ਤਨਾਓ ਨੂੰ ਭੋਗਦੀ ਪਹਿਲੀ ਪੀੜੀ ਦੂਜੀ ਪੀੜੀ ਨੂੰ ਆਪਣੇ ਮੂਲ ਸਭਿਆਚਾਰ ਨਾਲ ਜੋੜ ਕੇ

ਰੱਖਣ ਲਈ ਜਿੱਥੇ ਹਰ ਪਲ ਯਤਨਸ਼ੀਲ ਹੁੰਦੀ ਹੈ, ਉੱਥੇ ਦੂਜੀ ਪੀੜ੍ਹੀ ਵਰਤਮਾਨ ਨੂੰ ਹੀ ਆਪਣਾ ਸਭ ਕੁਝ ਸਮਝਦੀ ਹੈ। ਉਹ ਆਪਣੇ ਅਤੀਤ ਨਾਲ ਕੋਈ ਸਰੋਕਾਰ ਨਹੀਂ ਰੱਖਣਾ ਚਾਹੁੰਦੀ। ਇਸ ਤਰ੍ਹਾਂ ਇਹ ਪੀੜ੍ਹੀ ਪੂਰਨ ਥੀਮਕ ਪਾਸਾਰ ਬਣ ਕੇ ਪੇਸ਼ ਹੁੰਦੀ ਨਜ਼ਰ ਆਉਂਦੀ ਹੈ।"[31]

ਰਵਿੰਦਰ ਰਵੀ ਦੀਆਂ ਕਵਿਤਾਵਾਂ ਵਿੱਚ ਪੀੜ੍ਹੀ ਪਾੜੇ ਦੇ ਇਸ ਤੀਬਰ ਅਹਿਸਾਸ ਨੂੰ ਬੜੇ ਸਪੱਸ਼ਟ ਸ਼ਬਦਾਂ ਵਿੱਚ ਦੇਖਿਆ ਜਾ ਸਕਦਾ ਹੈ :

ਸਾਡੀ ਵਿਥਿਆ ਦਰਦ ਅਸਾਡਾ
ਆਪੇ ਵਿੱਚ ਆਪਣਾ ਪਰਵਾਸ
ਬਾਹਰ ਮੌਸਮ ਥਲ ਤੇ ਸੂਰਜ
ਅੰਦਰ ਜਨਮ ਜਨਮ ਦੀ ਪਿਆਸ।[32]

ਦੁਨੀਆਂ ਵਿੱਚ ਕੋਈ ਵੀ ਅਜਿਹਾ ਜੀਵ ਨਹੀਂ ਜਿਸ ਨੂੰ ਆਪਣੀ ਜਨਮ ਭੌਂ ਨਾਲ ਪਿਆਰ ਨਾ ਹੋਵੇ। ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਚਲਾ ਜਾਵੇ, ਕਿੰਨੀਆਂ ਵੀ ਸੁੱਖ-ਸਹੂਲਤਾਂ ਉਸ ਨੂੰ ਮਿਲ ਜਾਣ ਪਰ ਉਹ ਫਿਰ ਵੀ ਆਪਣੇ ਸਭਿਆਚਾਰ, ਆਪਣੀ ਧਰਤੀ ਦੀ ਲੋਚਾ ਕਰਦਾ ਹੈ। ਇਹ ਲੋਚਾ ਉਸਨੂੰ ਆਪਣੀ ਧਰਤੀ ਵੱਲ ਖਿੱਚਦੀ ਹੈ ਅਤੇ ਉਹ ਚਾਹੁੰਦਾ ਹੈ ਕਿ ਅਗਲੀ ਪੀੜ੍ਹੀ ਵੀ ਇਸੇ ਤਰ੍ਹਾਂ ਕਰੇ। ਪਰ ਅਗਲੀ ਪੀੜ੍ਹੀ ਦੀ ਆਪਣੀ ਅਲਗ ਸੋਚ ਹੈ। ਪਹਿਲੀ ਪੀੜ੍ਹੀ ਆਪਣੇ ਵਿਰਸੇ ਨੂੰ ਸਾਂਭਣ ਲਈ ਚਿੰਤਤ ਹੈ ਪਰ ਦੂਜੀ ਪੀੜ੍ਹੀ ਲਈ ਇਹ ਕੋਈ ਖ਼ਾਸ ਅਹਿਮੀਅਤ ਨਹੀਂ ਰੱਖਦਾ। ਪੁਰਾਣੀ ਪੀੜ੍ਹੀ ਲਈ ਆਪਣਾ ਵਤਨ ਸਭ ਕੁਝ ਹੈ ਪਰ ਨਵੀਂ ਪੀੜ੍ਹੀ ਲਈ ਇਹ ਸਿਰਫ ਮਿਥਿਕ ਮੈਟਾਫਰ ਤੋਂ ਵੱਧ ਕੁਝ ਨਹੀਂ। ਰਵਿੰਦਰ ਰਵੀ ਇਸ ਨਵੀਂ ਪੀੜ੍ਹੀ ਨੂੰ ਇਸ਼ਤਿਹਾਰੀ ਨਸਲ, ਟੈਸਟ ਟਿਊਬ ਨਸਲ ਅਤੇ ਕਲੋਨਿੰਗ ਦੀ ਪੈਦਾਇਸ਼ ਆਖਦਾ ਹੈ :

ਤੇ ਇਸ਼ਤਿਹਾਰੀ ਰੌਸ਼ਨੀਆਂ
ਦੀ ਜੂਨ ਭੋਗਦੀ, ਅੱਜ ਦੀ ਨਸਲ
ਕਿਧਰ ਨੂੰ ਜਾ ਰਹੀ ਹੈ???
...................................
ਇਸੇ ਲਈ ਉਨ੍ਹਾਂ ਆਪਣੀਆਂ ਲਿਖਤਾਂ ਵਿੱਚ
ਟੈਸਟ ਟਿਊਬ ਬੇਬੀ

ਆਰਟੀਫੀਸ਼ਲ ਇਨਸੈਮੀਨੇਸ਼ਨ

ਤੇ ਇਨਕਿਊਬੇਟਰ ਦੀ ਗੱਲ ਕੀਤੀ।[33]

ਪੁਰਾਣੀ ਪੀੜੀ ਸਿਰਫ਼ ਆਪਣੇ ਮੂਲ ਨਾਲ ਹੀ ਜੁੜਨਾ ਚਾਹੁੰਦੀ ਹੈ। ਪਰ ਨਵੀਂ ਪੀੜੀ ਵਰਤਮਾਨ ਨੂੰ ਹੀ ਆਪਣਾ ਸਭ ਕੁਝ ਸਮਝਦੀ ਹੈ –

ਪਰਬਤ ਹੇਠੋਂ ਨਿਕਲ ਰਹੇ ਨੇ ਲੋਕ

ਟੁੱਟਣ ਤੱਕ ਝੁਕੇ ਹੋਏ ਵਜੂਦ

ਕੜਕ – ਕੜਕ

ਦੀ ਆਵਾਜ਼ ਨਾਲ।[34]

ਰਵਿੰਦਰ ਰਵੀ ਆਪਣੀ ਸੰਸਕ੍ਰਿਤੀ ਆਪਣੇ ਸਭਿਆਚਾਰ ਤੋਂ ਟੁੱਟਣ ਦੇ ਇਸ ਦੁਖਾਂਤ ਨੂੰ ਵਿਸ਼ਵ ਦੀ ਸਿਆਸਤ ਅਤੇ ਵਿਅਕਤੀਗਤ ਸੋਚ ਨਾਲ ਜੋੜ ਕੇ ਪੇਸ਼ ਕਰਦਾ ਹੈ। ਇਸ ਕਰਕੇ ਡਾ. ਹਰਿਭਜਨ ਸਿੰਘ ਕਹਿੰਦਾ ਹੈ ਕਿ :

"ਅਘਰਵਾਸ ਰਵਿੰਦਰ ਰਵੀ ਦਾ ਪ੍ਰਮੁੱਖ ਪਛਾਣ ਚਿੰਨ੍ਹ ਹੈ। ਸਰੀਰਿਕ ਤੌਰ 'ਤੇ ਹੀ ਨਹੀਂ, ਮਾਨਸਿਕ ਤੌਰ ਤੇ ਵੀ ਉਹ ਅਘਰਵਾਸੀ ਹੈ। ਉਹ ਸੋਚਦਾ ਵੀ ਅਘਰਵਾਸੀ ਵਾਂਗ ਹੈ।"[35]

ਡਾ. ਜਸਵਿੰਦਰ ਸਿੰਘ ਪਰਵਾਸੀ ਪੰਜਾਬੀ ਕਵਿਤਾ ਬਾਰੇ ਚਰਚਾ ਕਰਦਾ ਹੋਇਆ ਕਹਿੰਦਾ ਹੈ ਕਿ :

"ਪਰਵਾਸੀ ਦੀ ਹੋਂਦ ਸਥਿਤੀ ਇੱਕੋ ਵੇਲੇ ਅੰਦਰਲੇ ਅਤੇ ਬਾਹਰਲੇ ਬੰਦੇ ਦੀ ਹੁੰਦੀ ਹੈ, ਇੱਕ ਦੋਹਰਾ ਪ੍ਰਕਰਣ ਉਸ ਦੀ ਜ਼ਿੰਦਗੀ ਦਾ ਸਿੱਕੇ ਵਾਂਗ ਅਕੱਟਵਾਂ ਸੱਚ ਹੋ ਨਿਬੜਦਾ ਹੈ। ਇਨ੍ਹਾਂ ਪਰਵਾਸੀਆਂ ਦੀ ਦੋਧਾਰੀ ਹੋਂਦ ਦੇ ਆਪਣੇ ਸੱਚ, ਸਰਾਪ ਤੇ ਸੰਤਾਪ ਹਨ।"[36]

ਸਭਿਆਚਾਰਿਕ ਪਰੰਪਰਾ ਤੋਂ ਟੁੱਟਣ ਦਾ ਅਹਿਸਾਸ ਰਵਿੰਦਰ ਰਵੀ ਦੀ ਕਵਿਤਾ ਵਿੱਚ ਕਾਫ਼ੀ ਹੱਦ ਤੱਕ ਉਘੜਦਾ ਹੈ। ਸਭਿਆਚਾਰਿਕ ਤਨਾਓ ਉਹ ਹੀ ਲੋਕ ਭੋਗਦੇ ਹਨ ਜਿਹੜੇ ਕਿ ਪੰਜਾਬ ਵਿੱਚ ਜੰਮੇ ਅਤੇ ਇੱਕ ਉਮਰ ਤੱਕ ਉੱਥੇ ਹੀ ਵਿਦਿਆ ਗ੍ਰਹਿਣ ਕੀਤੀ। ਰਵਿੰਦਰ ਰਵੀ ਦੀਆਂ ਸਵੈ ਸੰਵਾਦ ਦੀਆਂ ਕਵਿਤਾਵਾਂ ਇਹੀ ਅਹਿਸਾਸ ਜਗਾਉਦੀਆਂ ਨਜ਼ਰ ਆਉਦੀਆਂ ਹਨ :

ਊਣ ਦਾ ਅਹਿਸਾਸ ਪਰਬਤ ਚੜ ਰਿਹਾ

ਕੌਣ ਹੈ ਜੋ 'ਵਾ 'ਤੇ ਦਸਤਖ਼ਤ ਕਰ ਰਿਹਾ।[37]

ਜੇਕਰ ਰਵਿੰਦਰ ਰਵੀ ਨੂੰ ਸਭਿਆਚਾਰਿਕ ਪਰੰਪਰਾਵਾਂ ਨਾਲੋਂ ਟੁੱਟਣ ਦਾ ਦੁੱਖ ਹੈ ਤਾਂ ਉਹ ਇਸ ਗੱਲ ਦੇ ਵੀ ਖਿਲਾਫ ਹੈ ਕਿ ਪਰੰਪਰਾਗਤ ਰੂੜੀਆਂ ਅਤੇ ਥੋਥੀਆਂ ਕਦਰਾਂ ਕੀਮਤਾਂ ਦੇ ਖਿਲਾਫ ਬੱਝ ਕੇ ਰਿਹਾ ਜਾਵੇ।

ਸਗੋਂ ਉਸ ਦੀਆਂ ਕਵਿਤਾਵਾਂ ਨਵੀਆਂ ਦਿਸ਼ਾਵਾਂ ਵੱਲ ਅਗਰਸਰ ਰਹੀਆਂ ਹਨ। ਰਵਿੰਦਰ ਰਵੀ ਨੇ ਮਨੁੱਖ ਦੇ ਉਸ ਵਿਸ਼ਵ ਰੂਪ ਨੂੰ ਆਪਣਾ ਕਾਵਿ-ਥੀਮ ਬਣਾਇਆ, ਜਿਸ ਨਾਲ ਉਸ ਦਾ ਸੰਬੰਧ ਧਰਤੀ ਦੇ ਇੱਕ ਖਿੱਤੇ ਨਾਲ ਨਾ ਹੋ ਕੇ ਪੂਰੇ ਵਿਸ਼ਵ ਨਾਲ ਆਪਣੀ ਸਾਂਝ ਸਿਰਜਦਾ ਹੈ। ਰਵਿੰਦਰ ਰਵੀ ਦੀ ਕਵਿਤਾ ਵਿਸ਼ਵ ਦੀ ਗੱਲ ਕਹਿੰਦੀ ਨਜ਼ਰ ਆਉਂਦੀ ਹੈ :

ਸ਼ੋਰ ਦੀ ਭਾਸ਼ਾ ਵਿੱਚੋਂ ਲੰਘੇ
ਚੁੱਪ ਦੀ ਭਾਸ਼ਾ ਕਹਿ ਗਏ
ਆਪਣੇ ਜੇਡੀ ਕੱਥਦੇ ਕੱਥਦੇ
ਬ੍ਰਹਿਮੰਡ ਜੇਡੀ ਕਹਿ ਗਏ।[38]

ਜਿੰਨੀ ਸਮਝ ਉਨ੍ਹਾਂ ਹੀ ਚਾਨਣ
ਬਾਕੀ ਸਭ ਹਨੇਰਾ
ਏਥੇ ਚੜ ਏਥੇ ਹੀ ਡੁੱਬਦਾ
ਸੂਰਜ ਤੇਰਾ ਮੇਰਾ।[39]

ਡਾ. ਸੁਰਿੰਦਰ ਪਾਲ ਸਿੰਘ ਆਪਣੀ ਪੁਸਤਕ ‘ਪਰਵਾਸੀ ਪੰਜਾਬੀ ਸਾਹਿਤ : ਨਵੇਂ ਪਰਿਪੇਖ’ ਵਿੱਚ ਪਰਵਾਸੀ ਲਿਖਤਾਂ ਵਿੱਚ ਪੇਸ਼ ਹੋ ਰਹੀ ਵਿਸ਼ਵ ਚੇਤਨਾ ਦੇ ਆਧਾਰ ਨਿਸ਼ਚਿਤ ਕਰਦਿਆਂ ਕਹਿੰਦਾ ਹੈ ਕਿ :

> “ਬ੍ਰਹਿਮੰਡਕ ਚੇਤਨਾ, ਵਿਸ਼ਵ ਚੇਤਨਾ, ਅੰਤਰਰਾਸ਼ਟਰੀ ਚੇਤਨਾ, ਬੌਧਿਕ ਚੇਤਨਾ ਆਦਿ ਦਾ ਬਦੇਸ਼ੀ ਪੰਜਾਬੀ ਸਾਹਿਤ ਵਿੱਚ ਵੀ ਵਰਨਣ ਆਉਂਦਾ ਹੈ। ਇਨ੍ਹਾਂ ਸਾਹਿਤਕਾਰਾਂ ਨੇ ਤਕਨਾਲੌਜੀ ਦੇ ਪ੍ਰਭਾਵ ਨੂੰ ਕਬੂਲਦਿਆਂ ਹੀ ਕੰਪਿਊਟਰ ਕਲਚਰ, ਮਸ਼ੀਨੀ ਮਨੁੱਖ, ਵਿਸ਼ਵ ਭਾਈਚਾਰੇ ਨੂੰ ਆਧਾਰ ਬਣਾਉਂਦੇ ਹੋਏ ਇਸ ਨੂੰ ਬ੍ਰਹਿਮੰਡਕ ਚੇਤਨਾ ਦੇ ਰੂਪ ਵਿੱਚ ਪੇਸ਼ ਕਰਕੇ ਆਪਣੀਆਂ ਰਚਨਾਵਾਂ ਨੂੰ ਵਿਸ਼ਵ ਚੇਤਨਾ ਨਾਲ ਜੋੜਨ ਦਾ ਯਤਨ ਕੀਤਾ ਹੈ। ਜਿਸ ਦੇ ਅੰਤਰਗਤ ਜ਼ਾਤ, ਧਰਮ, ਦੇਸ਼, ਕੌਮ ਨੂੰ ਨਿਗੂਣਾ ਕਰਾਰ ਦੇਂਦੇ ਹੋਏ ਜ਼ਿਹਨੀ ਪੱਧਰ ’ਤੇ ਸਮੁੱਚੇ ਵਿਸ਼ਵ ਦੀ ਏਕਤਾ ਦੇ ਆਧਾਰ ਨਿਸ਼ਚਿਤ ਕੀਤੇ ਹਨ।”[40]

ਰਵਿੰਦਰ ਰਵੀ ਆਪਣੀ ਕਵਿਤਾ ਵਿੱਚ ਕਿਸੇ ਇੱਕ ਧਰਮ, ਜ਼ਾਤ, ਕੌਮ ਦੀ ਗੱਲ ਨਹੀਂ ਕਰਦਾ ਬਲਕਿ ਪੂਰੀ ਇਨਸਾਨੀਅਤ ਦੀ ਗੱਲ ਕਰ ਜਾਂਦਾ ਹੈ। ਜਿਵੇਂ :

ਸਿੱਖ ਨਹੀਂ,
ਗੁਰੂ ਨਹੀ

ਗੁਰੂ ਘਰ ਨਹੀਂ
ਅੱਜ ਇਨਸਾਨ ਮੋਇਆ ਹੈ।[41]

ਫਸਲਾਂ ਦੀ ਸਰਸਰਾਹਟ
ਟੈਕਾਂ ਦੇ ਸ਼ੋਰ ਵਿੱਚ ਬਦਲ ਜਾਂਦੀ ਹੈ
ਗੋਲਾਬਾਰੀ ਹੁੰਦੀ ਹੈ
ਤੇ ਦੂਰ ਖਿਤਿਜ 'ਤੇ –
ਇੱਕ ਬੁੱਢੀ ਫੱਫੇਕੁਟਣੀ
ਹੱਸਦੀ ਹੈ।[42]

ਰਵਿੰਦਰ ਰਵੀ ਆਪਣੀ ਕਵਿਤਾ ਵਿੱਚ ਸਿਰਫ਼ ਉਹਨਾਂ ਪੰਜਾਬੀਆਂ ਦੀ ਹੀ ਗੱਲ ਨਹੀਂ ਕਰਦਾ ਹੈ ਜੋ ਨਿਰਦੋਸ਼ ਘਰਾਂ ਵਿੱਚ ਮਾਰੇ ਗਏ ਅਤੇ ਨਾ ਹੀ ਸਿਰਫ ਉਸ ਸੰਤਾਪ ਦੀ ਗੱਲ ਕਰਦਾ ਹੈ ਜੋ ਪੰਜਾਬੀਆਂ ਨੇ ਪਿਛਲੇ ਸਾਲਾਂ ਵਿੱਚ ਹੰਢਾਏ ਹਨ। ਰਵਿੰਦਰ ਰਵੀ ਨੇ ਜਿਹੜੀ ਵੀ ਘਟਨਾ ਨੂੰ ਚੁੱਕਿਆ ਹੈ ਉਸ ਨੂੰ ਪੂਰੇ ਵਿਸ਼ਵ ਨਾਲ ਜੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਜਦੋਂ ਪੰਜਾਬ ਤੇ ਸੰਕਟ ਪਿਆ ਤਾਂ ਰਵਿੰਦਰ ਰਵੀ ਨੇ ਇਸ ਸੰਕਟ ਨੂੰ ਪੰਜਾਬ ਦਾ ਸੰਕਟ ਨਾ ਬਣਾ ਕੇ ਪੂਰੇ ਵਿਸ਼ਵ ਨਾਲ ਜੋੜ ਦਿੱਤਾ। ਰਵਿੰਦਰ ਰਵੀ ਖੁਦ ਕਹਿੰਦਾ ਹੈ :

> "ਚੇਤੰਨ ਤੇ ਸੁਹਿਰਦ ਲੇਖਕ ਸਮਸਤ ਅਨਿਆਏ ਦੇ ਵਿਰੁੱਧ ਆਵਾਜ਼ ਜ਼ਰੂਰ ਉਠਾਏਗਾ ਕਿਉਂਕਿ ਉਸਦੀ ਵੱਚਨਬੱਧਤਾ ਸਮੁੱਚੀ ਜ਼ਿੰਦਗੀ ਨਾਲ ਹੈ। ਭੂਗੋਲ ਵਾਤਾਵਰਨ ਤੇ ਸਮੁੱਚੇ ਬ੍ਰਹਿਮੰਡ ਨਾਲ ਹੈ। ਇਹ ਸੰਤਾਪ ਚਾਹੇ ਫਲਸਤੀਨੀ ਛਾਪਾਮਾਰ ਨੂੰ ਭੁਗਤਣਾ ਪਿਆ, ਚਾਹੇ ਅਇਰਿਸ਼ ਦੇਸ਼ ਭਗਤਾਂ ਨੂੰ ਤੇ ਚਾਹੇ ਸਿੱਖ ਵਿਰਸੇ ਵਾਲੇ ਪੰਜਾਬੀ ਨੂੰ ਇਹ ਕਾਵਿ ਦਾ ਵਿਸ਼ਾ ਜ਼ਰੂਰ ਬਣੇਗਾ। ਅੱਜ ਵਾਤਾਵਰਨ ਉੱਤੇ ਜੋ ਬੀਤ ਰਹੀ ਹੈ (Pollution and green house effect) ਜਾਂ Rain Forest (Brazil) ਉੱਤੇ ਘੱਟ ਰਹੀ ਹੈ, ਉਹ ਮਸਲਾ ਇੱਕ ਵਿਅਕਤੀ ਜਾਂ ਇੱਕ ਦੇਸ਼ ਦਾ ਨਹੀਂ, ਸਗੋਂ ਸਭ ਦਾ ਸਾਂਝਾ ਮਸਲਾ ਹੈ, ਹਰ ਦੇਸ਼ ਦਾ ਮਸਲਾ ਹੈ।"[43]

ਦੁਰਘਟਨਾ ਚਾਹੇ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਕਿਉਂ ਨਾ ਹੋਵੇ ਪਰ ਉਸ ਦਾ ਹਰਜਾਨਾ ਮਨੁੱਖਤਾ ਨੂੰ ਹੀ ਭੁਗਤਣਾ ਪੈਂਦਾ ਹੈ। ਰਵੀ ਦੀ ਕਵਿਤਾ ਪੂਰੇ ਸੰਸਾਰ ਦੀ ਸਮੱਸਿਆ ਦੀ ਪੁਣਛਾਣ ਕਰਦੀ ਹੈ। ਫਿਰ ਚਾਹੇ ਉਹ ਸਮੱਸਿਆ ਆਤੰਕਵਾਦ ਦੀ ਹੋਵੇ, ਕਿਰਸਾਨੀ ਸੰਕਟ ਦੀ ਹੋਵੇ ਅਤੇ ਚਾਹੇ ਪੱਛਮੀਕਰਨ ਅਤੇ

ਮਸ਼ੀਨੀਕਰਨ ਨਾਲ ਬਦਲ ਰਹੇ ਆਰਥਿਕ ਅਤੇ ਸਮਾਜਿਕ ਪ੍ਰਬੰਧ ਆਦਿ ਦੀ ਹੋਵੇ। ਇਸ ਸਭ ਤੋਂ ਇਲਾਵਾ ਉਹ ਗਰੀਬੀ, ਭੁੱਖਮਰੀ, ਐਟਮੀ ਹਥਿਆਰ ਅਤੇ ਵਾਤਾਵਰਣ ਪ੍ਰਦੂਸ਼ਣ ਤੱਕ ਦੇ ਮਸਲਿਆਂ ਨੂੰ ਆਪਣੀ ਕਵਿਤਾ ਵਿੱਚ ਲੈਂਦਾ ਹੈ। ਮਿਸਾਲ ਵਜੋਂ :

ਸ਼ਾਸਕ ਮਿਸਲਾਂ, ਐਟਮ ਬੰਬਾਂ ਦੀ ਭਾਸ਼ਾ ਬੋਲਦੇ ਹਨ,
ਵਿਗਿਆਨੀ, ਅਗਿਆਨੀ ਅਜ਼ਮਤ, ਬਰਬਾਦੀ 'ਚੋ ਟੋਲਦੇ ਹਨ।[44]

ਰਵਿੰਦਰ ਰਵੀ ਮਾਰੂ ਹਥਿਆਰਾਂ ਦਾ ਵਿਰੋਧ ਕਰਦਾ ਹੈ ਅਤੇ ਇਹਨਾਂ ਬਾਰੇ ਲੋਕਾਂ ਨੂੰ ਆਪਣੀ ਰਚਨਾ ਰਾਹੀਂ ਜਾਗਰੂਕ ਵੀ ਕਰਦਾ ਹੈ। ਡਾ. ਸਤਿੰਦਰ ਸਿੰਘ ਨੂਰ ਦੇ ਸ਼ਬਦਾਂ ਵਿੱਚ :

> "ਰਵੀ ਮਨੁੱਖੀ ਸਮਾਜ ਦੀ ਉਸ ਸਮਕਾਲੀ ਸਥਿਤੀ ਨੂੰ ਪ੍ਰਗਟ ਕਰਦਾ ਹੈ ਜਿੱਥੇ ਮਸ਼ੀਨਾਂ ਉਸਦੀ ਮਾਨਵੀ ਹੋਂਦ ਦੀ ਕੁਦਰਤੀ ਸੁੰਦਰਤਾ ਅਤੇ ਉਸ ਚੋਂ ਵਿਗਸਣ ਵਾਲੀਆਂ ਸੰਭਾਵਨਾਵਾਂ ਖੋਹ ਰਹੀਆਂ ਨੇ। ਉਹ ਲਗਾਤਾਰ ਜਾਰੀ ਜੰਗਲੀ ਯੁੱਧ ਲਈ ਜ਼ਿੰਮੇਵਾਰ ਤਾਕਤਾਂ ਨੂੰ ਨਿੰਦਦਾ ਹੈ। ਭਾਵੇਂ ਉਹ ਸਾਮਰਾਜੀ ਹੋਣ ਤੇ ਭਾਵੇਂ ਸਮਾਜਵਾਦੀ। ਤ੍ਰਾਸਦਿਕ ਸੰਕਟਾਂ ਦੇ ਯਥਾਰਥਕ ਅਹਿਸਾਸ ਦੇ ਬਾਵਜੂਦ ਉਹ ਬਿਖਰਦਾ ਨਹੀਂ, ਉਦਾਸ ਨਹੀਂ ਹੁੰਦਾ, ਕਰੁਣਾ ਦੇ ਵਸ ਨਹੀਂ ਪੈਂਦਾ, ਉਪਭਾਵੁਕ ਨਹੀਂ ਹੁੰਦਾ ਸਗੋਂ ਬੌਧਿਕ ਵਿਸ਼ਲੇਸ਼ਣ 'ਚੋਂ ਲੰਘਦਿਆਂ ਉਹ ਜ਼ਿੰਦਗੀ ਦੇ ਭਵਿੱਖ ਵਿੱਚ ਵਿਸ਼ਵਾਸ ਪੈਦਾ ਕਰਦਾ ਹੈ।"[45]

ਪੂਰਾ ਵਿਸ਼ਵ ਅੱਜ ਦੇ ਯੁੱਗ ਵਿੱਚ ਮਾਰੂ ਹਥਿਆਰਾਂ ਦੀ ਲਪੇਟ ਵਿੱਚ ਆ ਚੁੱਕਿਆ ਹੈ। ਚਾਹ ਕੇ ਵੀ ਮਨੁੱਖ ਇਸ ਸਭ ਤੋਂ ਬਾਹਰ ਨਹੀਂ ਨਿਕਲ ਸਕਦਾ। ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦਾ ਹੈ ਅਤੇ ਇਸ ਅਸੁਰੱਖਿਆ ਦੀ ਭਾਵਨਾ ਕਾਰਨ ਉਹ ਦੂਜੇ ਮਨੁੱਖ ਨੂੰ ਵੀ ਹਾਨੀ ਪਹੁੰਚਾਉਣ ਤੋਂ ਪਿੱਛੇ ਨਹੀਂ ਹੱਟਦਾ। ਇਹੀ ਭਾਵਨਾ ਉਸ ਲਈ ਮੁਸ਼ਕਿਲ ਦਾ ਕਾਰਨ ਬਣਦੀ ਹੈ। ਇਸ ਗਲੋਬਲਾਈਜੇਸ਼ਨ, ਵਿਗਿਆਨਕ ਅਤੇ ਤਕਨੀਕੀ ਵਿਕਾਸ ਨਾਲ ਪਰਮਾਣੂ ਅਸਤਰਾਂ-ਸ਼ਸਤਰਾਂ ਦੇ ਫੈਲਾਓ ਨੇ ਅਤੇ ਕੈਮੀਕਲ ਤਜ਼ਰਬਿਆਂ ਨੇ ਵਾਤਾਵਰਣ ਨੂੰ ਪ੍ਰਦੂਸ਼ਿਤ ਤਾਂ ਕੀਤਾ ਹੀ ਹੈ, ਦੂਜੇ ਪਾਸੇ ਸਿਆਸਤ ਸਮਾਜ ਅਤੇ ਸਭਿਆਚਾਰ ਆਦਿ ਵਿੱਚ ਫੈਲੇ ਭ੍ਰਿਸ਼ਟਾਚਾਰ ਨੇ ਆਮ ਮਨੁੱਖ ਦਾ ਨਿਤ ਦਾ ਜੀਵਨ ਦਮਘੋਟੂ ਬਣਾ ਦਿੱਤਾ ਹੈ। ਰਵਿੰਦਰ ਰਵੀ ਇਹ ਹੀ ਕਹਿਣਾ ਚਾਹੁੰਦਾ ਹੈ ਕਿ ਚਾਹੇ ਰਾਜਨੀਤੀ ਹੋਵੇ, ਸਮਾਜਿਕ ਕਦਰਾਂ ਕੀਮਤਾਂ ਹੋਣ, ਰਿਸ਼ਤੇ ਨਾਤੇ ਜਾਂ ਫਿਰ ਧਰਮ ਹੋਵੇ ਪ੍ਰਦੂਸ਼ਣ ਉਸ ਦੇ ਆਲੇ ਦੁਆਲੇ ਪੂਰੀ ਤਰ੍ਹਾਂ ਪਸਰ ਚੁੱਕਾ ਹੈ :

ਇਸ ਸਦੀ ਦਾ ਕੈਸਾ ਬੰਦਾ
ਤਨ ਮਨ ਇਸ ਦਾ ਅਸਲੋਂ ਗੰਦਾ

ਗੰਦ ਹੀ ਸੋਚ ਗੰਦ ਹੀ ਜੀਵੇ

ਗੰਦ ਸਾਹਾਂ ਵਿੱਚ ਗੰਦ ਵਾਣੀ।

ਗੰਦੀ ਭੌਂ ਤੇ ਗੰਦਾ ਪਾਣੀ।

ਕੂੜਾ ਜੀਵਨ ਕੂੜ ਵਿਹਾਰ

ਕੂੜ ਸਿਆਸਤ, ਧਰਮ ਵਿਹਾਰ।[46]

ਰਵਿੰਦਰ ਰਵੀ ਇੱਥੇ ਮਨੁੱਖ ਦੇ ਆਲੇ ਦੁਆਲੇ ਫੈਲੇ ਬਾਹਰੀ ਪ੍ਰਦੂਸ਼ਣ ਦੀ ਗੱਲ ਨਹੀਂ ਕਰਦਾ। ਬਲਕਿ ਉਸਦੇ ਅੰਦਰਲੇ ਘਿਨਾਉਣੇਪਨ ਅਤੇ ਬੀਮਾਰ ਮਾਨਸਿਕਤਾ ਨੂੰ ਪੇਸ਼ ਕਰਦਾ ਹੈ। ਰਵਿੰਦਰ ਰਵੀ ਵਿਸ਼ਵ ਵਿੱਚ ਫੈਲੀ ਅਰਾਜਕਤਾ, ਹਿੰਸਾ, ਅਲਗਾਵਵਾਦ, ਅੰਤਿਕ ਆਦਿ ਨੂੰ ਕਾਵਿ ਵਿੱਚ ਪੇਸ਼ ਕਰਦਾ ਹੈ।

ਪਰਵਾਸੀ ਵਰਤਾਰਾ ਆਧੁਨਿਕ ਤਕਨੀਕ ਅਤੇ ਵਿਗਿਆਨਕ ਤਰੱਕੀ ਕਰਕੇ ਲਗਾਤਾਰ ਤੇਜ਼ੀ ਪਕੜ ਰਿਹਾ ਹੈ। ਆਵਾਜਾਈ ਦੇ ਵਿਕਸਿਤ ਹੁੰਦੇ ਸਾਧਨਾਂ ਨੇ ਪਾਰ-ਸਭਿਆਚਾਰਿਕ ਅਤੇ ਅੰਤਰ-ਸਭਿਆਚਾਰਿਕ ਸੰਬੰਧਾਂ ਰਾਹੀਂ ਨਵੀਆਂ ਆਰਥਿਕ ਸਭਿਆਚਾਰਿਕ ਖਿੱਚਾਂ ਤੇ ਲਾਲਸਾਵਾਂ ਪੈਦਾ ਕੀਤੀਆਂ ਹਨ। ਜਿਸ ਦੇ ਨਤੀਜੇ ਵਜੋਂ ਪਰਵਾਸੀ ਵਰਤਾਰਾ ਬਹੁਤ ਤੇਜ਼ ਹੁੰਦਾ ਜਾ ਰਿਹਾ ਹੈ ਅਤੇ ਵਿਸ਼ਵ ਦੀਆਂ ਨਵੀਆਂ ਪ੍ਰਸਥਿਤੀਆਂ ਨੂੰ ਪੈਦਾ ਕਰ ਰਿਹਾ ਹੈ। ਰਵਿੰਦਰ ਰਵੀ ਦੀ ਕਵਿਤਾ ਵਿੱਚ ਇਸ ਵਰਤਾਰੇ ਦੇ ਬੜੇ ਵਿਲੱਖਣ ਅਨੁਭਵ ਬਿਆਨੇ ਗਏ ਹਨ। ਉਸਨੇ ਵਿਕਸਿਤ ਮੁਲਕਾਂ ਵਿੱਚ ਮਸ਼ੀਨੀਕਰਣ ਅਤੇ ਕੰਪਿਊਟਰੀਕਰਣ ਦੀ ਗੱਲ ਤਾਂ ਕੀਤੀ ਹੀ ਹੈ। ਇਸ ਦੇ ਨਾਲ-ਨਾਲ ਭੂ-ਹੇਰਵਾ, ਉਦਰੇਵਾਂ, ਨਸਲਵਾਦ, ਰੰਗਭੇਦ ਆਦਿ ਵੀ ਉਸ ਦੇ ਪਾਰ-ਸਭਿਆਚਾਰਿਕ ਅਤੇ ਅੰਤਰ-ਸਭਿਆਚਾਰਿਕ ਸਰੋਕਾਰ ਹਨ।

ਰਵਿੰਦਰ ਰਵੀ ਆਪਣੀਆਂ ਕਵਿਤਾਵਾਂ ਵਿੱਚ ਇਹ ਵੀ ਪੇਸ਼ ਕਰਦਾ ਹੈ ਕਿ ਪਰਵਾਸੀਆਂ ਦੇ ਬਾਹਰ ਜਾਣ ਦਾ ਮਕਸਦ ਬੇਰੁਜ਼ਗਾਰੀ ਨੂੰ ਦੂਰ ਕਰਨਾ ਸੀ। ਪਰ ਦੁਨੀਆਂ ਦਾ ਐਸਾ ਕੋਈ ਮੁਲਕ ਨਹੀਂ ਹੈ ਜਿੱਥੇ ਬੇਰੁਜ਼ਗਾਰੀ ਨਾ ਹੋਵੇ। ਰਵੀ ਇਸ ਗੱਲ ਦੀ ਗਵਾਹੀ ਕਿਤੇ ਨਹੀਂ ਭਰਦਾ ਕਿ ਜੇਕਰ ਮਨੁੱਖ ਪਰਵਾਸ ਧਾਰ ਲਵੇਗਾ ਤਾਂ ਉਸ ਦੀ ਆਰਥਿਕਤਾ ਠੀਕ ਹੋ ਜਾਵੇਗੀ ਕਿਉਂਕਿ ਕੈਨੇਡਾ/ਅਮਰੀਕਾ ਵਰਗੇ ਦੇਸ਼ਾਂ ਵਿੱਚ ਭਾਵੇਂ ਵਿਗਿਆਨ ਅਤੇ ਤਕਨਾਲੌਜੀ ਦੇ ਕਾਰਨ ਆਰਥਿਕਤਾ ਦਾ ਭਰਪੂਰ ਵਿਕਾਸ ਹੋਇਆ ਹੈ ਪਰ ਫਿਰ ਵੀ ਉੱਥੇ ਕਈ ਵਾਰ ਭਿਅੰਕਰ ਬੇਰੁਜ਼ਗਾਰੀ ਦੇ ਸੰਕਟ ਪੈਦਾ ਹੁੰਦੇ ਰਹਿੰਦੇ ਹਨ। ਜਿਸ ਕਰਕੇ ਗੋਰੇ ਲੋਕਾਂ ਵਿੱਚ ਬਾਹਰਲੇ ਲੋਕਾਂ ਪ੍ਰਤੀ ਦਵੈਖ, ਈਰਖਾ, ਨਫਰਤ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਇਹ ਸਭ ਕੁਝ ਕਈ ਵਾਰ ਬਹੁਤ ਉਗਰ ਰੂਪ ਵਿੱਚ ਹੁੰਦਾ ਹੈ, ਜਿਸ ਨਾਲ ਸ਼ੋਸ਼ਣ ਦਾ ਜਨਮ ਹੁੰਦਾ ਹੈ ਅਤੇ ਪਰਵਾਸੀਆਂ ਨੂੰ ਕਈ ਤਰ੍ਹਾਂ ਦੀਆਂ

ਅੜਚਨਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਗੋਰੇ ਭਾਰਤੀਆਂ/ਪੰਜਾਬੀਆਂ ਨਾਲ ਰੰਗ ਭੇਦ ਕਰਦੇ ਹਨ। ਇੱਕ ਸਮਾਨ ਕਾਨੂੰਨ ਹੋਣ ਦੇ ਬਾਵਜੂਦ ਵੀ ਸਰਕਾਰ ਅਤੇ ਪੁਲਿਸ ਦਾ ਨਜ਼ਰੀਆ ਪੱਖਪਾਤੀ ਹੀ ਰਹਿੰਦਾ ਹੈ :

ਕਿੰਨੇ ਫੋੜੇ : ਜੁਰਮ!
ਕਿੰਨੇ ਕੈਨਸਰ : ਕ੍ਰੋਧ।
ਦਾਇਮੀ ਰੋਗ ਜਿਹੀ ਨਫ਼ਰਤ ਹੈ
ਪਸਰੀ ਏਥੇ –
ਨਸਲਾਂ ਤੇ ਰੰਗਾਂ ਵਿਚਕਾਰ।[47]

ਜਦੋਂ ਗੋਰੇ ਇਨ੍ਹਾਂ ਭਾਰਤੀਆਂ/ਪੰਜਾਬੀਆਂ ਨੂੰ ਆਪਣੇ ਮੁਲਕ ਵਿੱਚ ਖੁਦ ਦੇ ਬਰਾਬਰ ਖੜੇ ਦੇਖਦੇ ਹਨ ਤਾਂ ਉਹ ਇਹਨਾਂ ਨਾਲ ਈਰਖਾ ਦੀ ਭਾਵਨਾ ਰਖਦੇ ਹਨ। ਇਹ ਈਰਖਾ ਦੀ ਭਾਵਨਾ ਭਾਰਤੀਆਂ/ਪੰਜਾਬੀਆਂ ਲਈ ਮੁਸ਼ਕਿਲ ਦਾ ਸਬੱਬ ਬਣਦੀ ਹੈ।

ਨਸਲਵਾਦ ਜਾਂ ਰੰਗਭੇਦ ਦੇ ਨਾਮ ਤੇ ਸਿਰਫ ਗੋਰੇ ਹੀ ਭਾਰਤੀਆਂ ਨਾਲ ਬੁਰਾ ਸਲੂਕ ਨਹੀਂ ਕਰਦੇ ਬਲਕਿ ਭਾਰਤੀ (ਪੰਜਾਬੀ) ਵੀ ਇੱਕ ਦੂਜੇ ਨੂੰ ਜ਼ਾਤ-ਪਾਤ ਦੇ ਨਾਂ ਤੇ ਭੰਡਦੇ ਹਨ। ਇਹ ਲੋਕ ਵਿਕਸਿਤ ਮੁਲਕਾਂ ਵਿੱਚ ਜਾ ਕੇ ਵੱਸ ਤਾਂ ਗਏ ਪਰ ਆਪਣੀ ਸੰਕੀਰਣ ਸੋਚ ਨੂੰ ਵੀ ਨਾਲ ਹੀ ਲੈ ਕੇ ਗਏ। ਜਾਣ ਪਛਾਣ ਵੇਲੇ ਵੀ ਇਹ ਜਾਨਣ ਦੇ ਇੱਛੁਕ ਹੁੰਦੇ ਹਨ ਕਿ ਇਹ ਲੋਕ ਕੌਣ ਹਨ? ਇਨ੍ਹਾਂ ਦੀ ਕੀ ਜ਼ਾਤ ਹੈ? ਭਾਰਤੀ/ਪੰਜਾਬੀ ਵਿਦੇਸ਼ਾਂ ਵਿੱਚ ਵੀ ਇਸ ਭੇਦਭਾਵ ਤੋਂ ਮੁਕਤ ਨਾ ਰਹਿ ਸਕੇ। ਧਰਮ ਅਤੇ ਜਾਤ ਦੇ ਨਾਲ ਨਾਲ ਇਹ ਲੋਕ ਇਲਾਕਾਈ ਨਿਖੇੜਾ ਵੀ ਕਰਦੇ ਹਨ। ਜਿਵੇਂ ਦੁਆਬੇ, ਮਾਲਵੇ ਜਾਂ ਫਿਰ ਮਾਝੇ ਦਾ ਨਿਖੇੜਾ। ਹੁਣ ਭਾਵੇਂ ਇਹ ਨਿਖੇੜਾ ਇੰਨਾ ਸਪਸ਼ਟ ਨਹੀਂ ਹੈ ਪਰ ਫਿਰ ਵੀ ਕਈ ਵਾਰ ਇਸ ਵੱਖਰੇਪਣ ਦਾ ਅਹਿਸਾਸ ਹੋ ਹੀ ਜਾਂਦਾ ਹੈ। ਨਵੀਂ ਦੁਨੀਆਂ ਵਿੱਚ ਮਚ ਰਹੇ ਘਮਸਾਨ ਬਾਰੇ ਉਹ ਲਿਖਦਾ ਹੈ :

ਲੜਾਈ ਕਦੇ ਵੀ ਧਰਮ ਅਤੇ ਧਰਮ ਦੀ ਨਹੀਂ ਹੁੰਦੀ –
ਧਰਮ ਤੇ ਕੁਦਰਤ ਦੀ ਹੁੰਦੀ ਹੈ।
ਸ਼ਾਤਰ ਨੀਤੀ ਲੋਕਾਂ ਨੂੰ ਮੋਹਿਰਿਆਂ ਵਾਂਗ ਵਰਤਦੀ,
ਐਸਾ ਰੰਗ ਦੇ ਦਿੰਦੀ ਹੈ –
ਤੇ ਫਿਰ ਮਚਦਾ ਹੈ ਘਮਸਾਨ,
ਇਨਸਾਨ ਤੇ ਇਨਸਾਨ ਦਾ।[48]

ਭਾਰਤੀ ਪਰਵਾਸੀ ਜਿਨ੍ਹਾਂ ਨੇ ਵਿਦੇਸ਼ਾਂ ਵਿੱਚ ਆ ਕੇ ਬਹੁਤ ਸਫਲਤਾਵਾਂ ਪ੍ਰਾਪਤ ਕੀਤੀਆਂ ਹਨ, ਰੋਜ਼ਗਾਰ ਦੇ ਚੰਗੇ ਸਾਧਨ ਜੁਟਾਏ ਹਨ ਅਤੇ ਆਪਣੇ ਆਪ ਨੂੰ ਉੱਚ ਸ਼੍ਰੇਣੀ ਵਿੱਚ ਗਿਣਦੇ ਹਨ ਉਹ ਵੀ ਆਪਣੇ ਅੰਦਰੋਂ ਸਾਮੰਤੀ ਸੋਚ ਨੂੰ ਬਾਹਰ ਨਹੀਂ ਕੱਢ ਸਕੇ ਅਤੇ ਇਸ ਨੂੰ ਆਪਣੇ ਜੀਵਨ ਦਾ ਆਧਾਰ ਬਣਾਈ ਬੈਠੇ ਹਨ। ਇਹੀ ਸੋਚ ਉਨ੍ਹਾਂ ਵਿੱਚ ਊਚ ਨੀਚ ਦੀ ਭਾਵਨਾ ਨੂੰ ਪੈਦਾ ਕਰਦੀ ਹੈ ਜੋ ਬੇਗਾਨੇ ਮੁਲਕਾਂ ਵਿੱਚ ਉਨ੍ਹਾਂ ਦੀ ਮੁਸ਼ਕਿਲ ਦਾ ਸਬੱਬ ਬਣਦੀ ਹੈ।

ਭਾਰਤੀ/ਪੰਜਾਬੀ ਮਨੁੱਖ ਜਦੋਂ ਵਿਦੇਸ਼ ਵਿੱਚ ਗਿਆ ਤਾਂ ਉਸਨੇ ਆਪਣਾ ਰਹਿਣ ਸਹਿਣ ਖਾਣ ਪਾਣ ਪਹਿਰਾਵਾ ਸਭ ਕੁਝ ਬਦਲ ਲਿਆ ਪਰ ਆਪਣੀ ਸੋਚ ਨਾ ਬਦਲੀ। ਜ਼ਿਆਦਾਤਰ ਭਾਰਤੀ/ਪੰਜਾਬੀ ਪਿਛਾਂਹ ਖਿਚੂ ਭਾਵਨਾ ਵਾਲੇ ਹੀ ਹੁੰਦੇ ਹਨ ਅਤੇ ਜਦੋਂ ਉਹ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਪੱਛਮੀ ਸਭਿਆਚਾਰਾਂ ਵਿੱਚ ਰਚਿਆ ਮਿਚਿਆ ਵੇਖਦੇ ਹਨ ਤਾਂ ਉਹਨਾਂ ਨੂੰ ਇਹ ਸਭ ਚੰਗਾ ਨਹੀਂ ਲਗਦਾ। ਉਹ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਉਨ੍ਹਾਂ ਅਨੁਸਾਰ ਚੱਲਣ ਪਰ ਨਵੀਂ ਪੀੜ੍ਹੀ ਲਈ ਇਹ ਸਭ ਕੁਝ ਆਸਾਨ ਨਹੀਂ। ਉਨ੍ਹਾਂ ਲਈ ਉਨ੍ਹਾਂ ਦਾ ਅੱਜ ਹੀ ਸਭ ਕੁਝ ਹੈ। ਪੰਜਾਬ ਵਿੱਚੋਂ ਉੱਠ ਕੇ ਗਏ ਇਨਸਾਨ ਲਈ ਆਪਣੀ ਮਾਂ ਬੋਲੀ ਅਤੇ ਆਪਣੀ ਧਰਤੀ ਨੂੰ ਛੱਡਣਾ (ਭੁਲਣਾ) ਬਹੁਤ ਮੁਸ਼ਕਿਲ ਹੈ। ਇਸੇ ਤਰ੍ਹਾਂ ਵਿਦੇਸ਼ਾਂ ਵਿੱਚ ਪਲੇ ਬੱਚੇ ਲਈ ਵੀ ਆਪਣੀ ਧਰਤੀ ਲਈ ਮੋਹ ਜਾਗਦਾ ਹੈ। ਜਦੋਂ ਇਹ ਭਾਵਨਾਵਾਂ ਪੈਦਾ ਹੁੰਦੀਆਂ ਹਨ ਤਾਂ ਦੋਹਾਂ ਧਿਰਾਂ ਵਿੱਚ ਪੀੜ੍ਹੀ ਵਿੱਥ ਆ ਜਾਂਦੀ ਹੈ।

ਮਨੁੱਖ ਦਾ ਆਪਣੀ ਸੰਸਕ੍ਰਿਤੀ ਤੋਂ ਟੁੱਟਣ ਦਾ ਅਹਿਸਾਸ ਬੜਾ ਤੀਬਰ ਹੁੰਦਾ ਹੈ। ਸੰਸਕ੍ਰਿਤੀ ਤੋਂ ਟੁੱਟਿਆ ਮਨੁੱਖ ਆਪਣੇ ਆਪ ਤੋਂ ਹੀ ਟੁੱਟ ਜਾਂਦਾ ਹੈ। ਆਪਣੇ ਆਪ ਤੋਂ ਟੁੱਟਿਆ ਮਨੁੱਖ ਇਕੱਲਤਾ, ਉਦਾਸੀ, ਬੇਗਾਨੇਪਨ ਆਦਿ ਨਾਲ ਘਿਰ ਜਾਂਦਾ ਹੈ। ਅੱਜ ਦਾ ਮਨੁੱਖ ਸਮਾਜ ਨਾਲੋਂ ਟੁੱਟਦਾ ਹੀ ਜਾ ਰਿਹਾ ਹੈ। ਉਹ ਸਿਰਫ਼ ਖੁਦ ਤੱਕ ਸਿਮਟ ਕੇ ਰਹਿ ਗਿਆ ਹੈ। ਉਸ ਦੇ ਅੰਦਰ ਅਤੇ ਬਾਹਰ ਨਿਰਾਸ਼ਾ ਹੀ ਨਿਰਾਸ਼ਾ ਵੱਧ ਗਈ ਹੈ ਅਤੇ ਉਸ ਦਾ ਵਿਅਕਤੀਤਵ ਆਤਮ-ਵਿਰੋਧਤਾਵਾਂ ਦਾ ਹੀ ਸ਼ਿਕਾਰ ਹੋ ਗਿਆ ਹੈ। ਜਿਸ ਨਾਲ ਉਸ ਦੇ ਜੀਵਨ ਵਿੱਚ ਕਈ ਉਲਝਣਾਂ ਪੈਦਾ ਹੋ ਗਈਆਂ ਹਨ। ਇੱਕ ਘਰ ਵਿੱਚ ਰਹਿੰਦੇ ਹੋਏ ਵੀ ਮਨੁੱਖ ਨੇ ਆਪਣਾ ਵੱਖਰਾ ਸੰਸਾਰ ਸਥਾਪਿਤ ਕਰ ਲਿਆ ਹੈ। ਉਹ ਸਿਰਫ਼ ਆਪਣੀ ਦੁਨੀਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਮਨੁੱਖ ਵਿੱਚੋਂ ਆਪਣਾਪਨ ਖਤਮ ਹੋ ਚੁੱਕਾ ਹੈ ਅਤੇ ਬੇਗਾਨਾਪਨ ਉਸਦੇ ਅੰਦਰ ਘਰ ਕਰ ਚੁੱਕਾ ਹੈ :

ਘਰ ਘਰ ਜਿਹਾ ਨਹੀਂ ਲਗਦਾ
ਬੰਦਾ ਬੰਦੇ ਜਿਹਾ

...................................

ਬੇ ਘਰਿਆਂ ਜਿਹੀ ਜੂਨ ਬੰਦੇ ਨੂੰ

ਬੇ ਬੰਦਿਆ ਜਿਹਾ ਵਾਸਾ ਬੰਦੇ ਨੂੰ।[49]

ਇਕਲਾਪਾ ਰਵਿੰਦਰ ਰਵੀ ਦੀ ਕਵਿਤਾ ਦੀ ਮੁੱਖ ਸੁਰ ਹੈ। ਉਸਦੀ ਕਵਿਤਾ 'ਚੱਕਰਵਿਊ' ਵਿੱਚ ਇਕਲਾਪੇ ਦੇ ਅਹਿਸਾਸ ਦੀ ਝਲਕ ਮਿਲਦੀ ਹੈ। ਇਸ ਕਵਿਤਾ ਵਿੱਚ ਕਵੀ ਮਹਿਸੂਸ ਕਰਦਾ ਹੈ ਕਿ ਉਸਦਾ ਦੈਨਿਕ ਕ੍ਰਮ ਅਭਿਮਨਿਊ ਦੇ ਚੱਕਰਵਿਊ ਦੀ ਦਾਸਤਾਨ ਹੈ। ਰਵਿੰਦਰ ਰਵੀ ਅਨੁਸਾਰ ਅੱਜ ਦੇ ਯੁੱਗ ਵਿੱਚ ਨਵੇਂ ਰਿਸ਼ਤੇ ਹੋਂਦ ਵਿੱਚ ਆ ਰਹੇ ਹਨ। ਰੁਪਈਏ, ਪੈਸੇ ਨੇ ਮਨੁੱਖੀ ਰਿਸ਼ਤਿਆਂ ਦੀ ਥਾਂ ਲੈ ਲਈ ਹੈ। ਮਨੁੱਖ ਦੀ ਮਾਨਸਿਕ ਅਧੋਗਤੀ ਅਤੇ ਇਕਲਾਪੇ ਦਾ ਅਹਿਸਾਸ ਇਸੇ ਮਾਨਸਿਕ ਦਸ਼ਾ ਦਾ ਸੂਚਕ ਹੈ :

ਇਸ ਉਲਟੀ ਗੰਗਾ ਦਾ ਅੰਗ ਬਣ ਕੇ ਮੈਨੂੰ ਜਾਪੇ

ਸਾਰਾ ਸ਼ਹਿਰ ਹੀ ਭੱਜ ਰਿਹਾ ਹੈ

ਕਿ ਕਿਤੇ ਖੜਾ ਨਹੀਂ ਕਿਤੇ ਪੜਾ ਨਹੀ

ਇੱਕ ਖਿੱਚ ਇੱਕ ਵਿਰੋਧੀ ਖਿੱਚ ਵਿੱਚ ਤਣੀ ਹੈ ਜ਼ਿੰਦਗੀ।[50]

ਰਵਿੰਦਰ ਰਵੀ ਚਾਹੇ ਅਗਾਂਹਵਧੂ ਕਵੀ ਹੈ ਅਤੇ ਉਹ ਪੱਛਮੀ ਮੁਲਕ ਵਿੱਚ ਪੂਰੀ ਤਰ੍ਹਾਂ ਰਚ ਮਿਚ ਗਿਆ ਹੈ। ਉਸ ਦੀਆਂ ਕਵਿਤਾਵਾਂ ਦੀ ਮੂਲ ਸੁਰ ਚਾਹੇ ਆਪਣੀ ਧਰਤੀ ਦਾ ਹੇਰਵਾ ਨਹੀਂ ਪਰ ਫਿਰ ਵੀ ਕਿਤੇ ਕਿਤੇ ਇਸਦੇ ਅੰਸ਼ ਉਸਦੇ ਕਾਵਿ ਵਿੱਚੋਂ ਦਿਖ ਹੀ ਪੈਂਦੇ ਹਨ। ਕਾਵਿ ਖੇਤਰ ਵਿੱਚ ਨਵੇਂ ਸਰੋਕਾਰਾਂ ਦੇ ਨਾਲ-ਨਾਲ ਬੇਘਰੇ ਵਿਅਕਤੀ ਦੀ ਮਾਨਸਿਕਤਾ ਰਵਿੰਦਰ ਰਵੀ ਦੇ ਕਾਵਿ ਰਾਹੀਂ ਵਿਅਕਤ ਹੁੰਦੀ ਹੈ। ਪਰਵਾਸੀ ਘਰ ਨਾਲੋਂ ਮਜਬੂਰੀਆਂ ਕਾਰਨ ਟੁੱਟਦਾ ਹੈ ਅਤੇ ਫਿਰ ਘਰ ਨਾਲ ਜੁੜਨ ਲਈ ਤਤਪਰ ਹੈ। ਇਸੇ ਤਤਪਰਤਾ ਉਹ ਆਪਣੀ ਕਵਿਤਾ ਵਿੱਚ ਇੱਕ ਨਵਾਂ ਰੂਪ ਦਿੰਦਾ ਹੈ। ਰਵੀ ਆਪਣੇ ਕਾਵਿ ਦੇ ਜ਼ਰੀਏ ਇਹ ਕਹਿਣ ਦੀ ਕੋਸ਼ਿਸ਼ ਕਰਦਾ ਹੈ ਕਿ ਆਪਣੀ ਮਿੱਟੀ ਨਾਲ ਜੁੜਿਆ ਆਦਮੀ ਕਿਤੇ ਵੀ ਚਲਿਆ ਜਾਵੇ ਉਹ ਆਪਣੀ ਧਰਤੀ ਆਪਣੇ ਲੋਕਾਂ ਨੂੰ ਆਪਣੀਆਂ ਯਾਦਾਂ ਵਿੱਚੋਂ ਮਨਫ਼ੀ ਨਹੀਂ ਕਰ ਪਾਉਂਦਾ :

ਆਪਣਾ ਦੇਸ਼ ਕਿਆ ਹੈ ਪਿਆਰੇ?

ਆਪਣਾ ਦੇਸ਼ ਤਾਂ ਕੇਵਲ ਮੈਂ ਹਾਂ!!!

ਆਪਣੇ ਵਿੱਚ ਬੇਗਾਨੇਪਨ ਦਾ

ਭੋਗੇ ਹਰ ਮਨੁੱਖ ਸੰਤਾਪ

ਸ਼ਿਕਲੀਗਰਾਂ ਦੀ ਬਸਤੀ ਵਾਂਗੂੰ

ਜਿੱਥੇ ਜਿੱਥੇ ਹੋਏ ਆਬਾਦ –

ਉੱਥੇ ਆਪਣੀ ਬਰਬਾਦੀ ਦਾ,

ਆਪਣੇ ਹੱਥੀਂ ਲਿਖਿਆ ਬਾਬ।[51]

ਇਸ ਤੋਂ ਮਨੁੱਖ ਦੀ ਦੋ ਹਿੱਸਿਆਂ ਵਿੱਚ ਵੰਡੀ ਹੋਈ ਸ਼ਖ਼ਸੀਅਤ ਦਾ ਪਤਾ ਚਲਦਾ ਹੈ। ਜਦੋਂ ਮਜਬੂਰੀ ਵੱਸ ਵਿਅਕਤੀ ਆਪਣਾ ਦੇਸ਼ ਛੱਡ ਕੇ ਬਿਗਾਨੇ ਦੇਸ਼ ਜਾਂਦਾ ਹੈ ਤਾਂ ਉਹ ਚਾਹ ਕੇ ਵੀ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹੁੰਦਾ ਅਤੇ ਨਾ ਹੀ ਖੁਸ਼। ਉਹ ਦੋਨਾਂ ਸਭਿਆਚਾਰਾਂ ਵਿੱਚ ਪਿਸਦਾ ਹੈ। ਉੱਥੋਂ ਦਾ ਐਸ਼ੋ ਆਰਾਮ ਉਹ ਛੱਡਦਾ ਨਹੀਂ ਅਤੇ ਪਿੱਛੇ ਨੂੰ ਉਹ ਲੋਚਦਾ ਰਹਿੰਦਾ ਹੈ।

ਭਾਰਤੀ/ਪੰਜਾਬੀ ਵਿਦੇਸ਼ ਵਿੱਚ ਜਾ ਕੇ ਆਪਣੇ ਸਭਿਆਚਾਰ ਅਤੇ ਵਿਦੇਸ਼ੀ ਸਭਿਆਚਾਰ ਵਿੱਚ ਜ਼ਮੀਨ ਆਸਮਾਨ ਦਾ ਫ਼ਰਕ ਵੇਖਦਾ ਹੈ। ਇਹ ਫ਼ਰਕ ਅਸਲ ਵਿੱਚ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ ਦਾ ਹੈ। ਭਾਰਤ ਇੱਕ ਵਿਕਾਸਸ਼ੀਲ ਦੇਸ਼ ਹੈ ਅਤੇ ਜਦੋਂ ਇੱਕ ਭਾਰਤੀ/ਪੰਜਾਬੀ ਇਸ ਵਿਕਸਿਤ ਦੇਸ਼ ਵਿੱਚ ਜਾਂਦਾ ਹੈ ਤਾਂ ਉਹ ਇੱਕ ਦਮ ਇਸ ਸਭ ਨੂੰ ਗ੍ਰਹਿਣ ਨਹੀਂ ਕਰ ਪਾਉਂਦਾ। ਇੱਕ ਮਨੁੱਖ ਦਾ ਆਪਣੇ ਦੇਸ਼ ਵਿੱਚੋਂ ਉੱਠ ਕੇ ਦੂਜੇ ਦੇਸ਼ ਵਿੱਚ ਜਾਣਾ ਉਸ ਵਿੱਚ ਆਪਣੇ ਸਭਿਆਚਾਰ ਦੀ ਹੋਂਦ ਬਾਰੇ ਤੀਬਰਤਾ ਦਾ ਅਹਿਸਾਸ ਜਗਾਉਂਦਾ ਹੈ ਅਤੇ ਇਹੀ ਅਹਿਸਾਸ ਉਹਨਾਂ ਅੰਦਰ ਆਪਣੇ ਸਭਿਆਚਾਰ ਨੂੰ ਸੁਰੱਖਿਅਤ ਰੱਖਣ ਦੀ ਭਾਵਨਾ ਨੂੰ ਜਨਮ ਦਿੰਦਾ ਹੈ। 'ਇਮੀਗਰੈਂਟ' ਕਵਿਤਾ ਵਿੱਚ ਰਵਿੰਦਰ ਰਵੀ ਇਹੀ ਕੁਝ ਕਹਿੰਦਾ ਹੈ :

ਸਾਡੀ ਬੋਲੀ ਪਹਿਲਾਂ ਸਾਡੇ ਅੰਦਰੋਂ

ਹੂਕ ਬਣ ਕੇ ਨਿਕਲਦੀ ਸੀ।

ਹੁਣ ਹੋਠਾਂ ਤੇ ਪਪੜੀ ਵਾਂਗ,

ਮੌਨ ਬਣ ਕੇ ਜੰਮਦੀ ਜਾਪਦੀ ਹੈ।

ਇਸ ਚੌਗਿਰਦੇ ਥਲ ਵਿੱਚ

ਸਾਰੀ ਸਭਿਅਤਾ ਸਾਡੇ ਵਿਰਸੇ ਦਾ

ਕਿਹੜਾ ਨਖਲਿਸਤਾਨ ਹੈ।[52]

ਰਵਿੰਦਰ ਰਵੀ ਚਾਹੇ ਵਿਦੇਸ਼ ਵਿੱਚ ਜਾ ਕੇ ਵੱਸ ਗਿਆ ਪਰ ਫਿਰ ਵੀ ਉਹ ਆਪਣੇ ਦੇਸ਼ ਵਿੱਚ ਘਟਣ ਵਾਲੀ ਹਰ ਹੋਣੀ, ਅਨਹੋਣੀ ਨੂੰ ਉੱਨੇ ਹੀ ਗਹੁ ਨਾਲ ਵੇਖਦਾ ਹੈ ਜਿੰਨਾ ਇੱਥੇ ਬੈਠੇ ਕਵੀ ਵੇਖਦੇ ਹਨ। ਪੰਜਾਬ ਸੰਕਟ ਨੂੰ ਮਹਿਸੂਸ ਕਰਦੇ ਹੋਏ ਰਵਿੰਦਰ ਰਵੀ ਨੇ ਉਸ ਤਨਾਓ ਦੀ ਸਪਸ਼ੱਟ ਤਸਵੀਰ ਸਾਡੇ ਸਾਹਮਣੇ ਪੇਸ਼ ਕੀਤੀ ਹੈ :

ਉਹ ਜਦੋਂ ਹੱਲ ਚੁੱਕਦਾ ਹੈ,
ਖੇਤ ’ਚੋਂ ਲਾਸ਼ ਭੁੜਕ ਪੈਂਦੀ ਹੈ।
ਉਸ ਦੇ ਅੰਦਰ ਕੁਝ ਟੁੱਟਣ ਖੁੱਸਣ,
ਭੁਰਨ, ਰੁਸਣ ਲੱਗ ਪੈਂਦਾ ਹੈ।
ਉਸ ਦੇ ਅੰਦਰੋਂ ਸੇਕ ਉੱਠਦਾ ਹੈ –
ਜਲਨ ਹੁੰਦੀ ਹੈ,
ਪਰ ਭਾਂਬੜ ਵਿਖਾਈ ਨਹੀਂ ਦਿੰਦੇ।[53]

ਰਵਿੰਦਰ ਰਵੀ ਦੀਆਂ ਅਜਿਹੀਆਂ ਕਵਿਤਾਵਾਂ ਨੂੰ ਪੜ ਕੇ ਪਤਾ ਲੱਗਦਾ ਹੈ ਕਿ ਉਸਨੇ ਪੰਜਾਬ ਸੰਕਟ ਦੀ ਗੱਲ ਕਰਦਿਆਂ ਹਾਕਮ ਸ਼੍ਰੇਣੀ, ਸਾਮਰਾਜੀ ਤਾਕਤਾਂ, ਮਜ਼ਹਬੀ ਜਨੂਨੀਅਤ ਅਤੇ ਬੇਗੁਨਾਹਾਂ ਦੇ ਕਤਲ ਆਦਿ ਨੂੰ ਆਪਣੀਆਂ ਕਵਿਤਾਵਾਂ ਦਾ ਥੀਮਕ ਆਧਾਰ ਬਣਾਇਆ ਹੈ ਕਿਉਂਕਿ ਮਨੁੱਖ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਕਿਉਂ ਨਾ ਰਹੇ ਉਹ ਅਚੇਤ ਹੀ ਆਪਣੀ ਧਰਤੀ ਆਪਣੇ ਲੋਕਾਂ ਨਾਲ ਜੁੜਿਆ ਹੁੰਦਾ ਹੈ। ਵਿਦੇਸ਼ਾਂ ਵਿੱਚ ਗਏ ਭਾਰਤੀ ਪੰਜਾਬੀਆਂ ਨੂੰ ਉੱਥੋਂ ਦੇ ਸਭਿਆਚਾਰ ਅਤੇ ਆਪਣੇ ਸਭਿਆਚਾਰ ਵਿੱਚ ਜ਼ਮੀਨ ਆਸਮਾਨ ਦਾ ਫਰਕ ਦਿੱਸਦਾ ਹੈ। ਇਹ ਅਸਲ ਵਿੱਚ ਅਰਧ ਵਿਕਸਿਤ ਅਤੇ ਵਿਕਸਿਤ ਦੇਸ਼ ਦੇ ਸਭਿਆਚਾਰ ਦਾ ਅੰਤਰ ਹੈ। ਭਾਰਤੀ ਪੰਜਾਬੀ ਇੱਕ ਦਮ ਇਸ ਖੁੱਲ੍ਹੇ ਮਾਹੌਲ ਨੂੰ ਪਰਵਾਨ ਨਾ ਕਰ ਸਕੇ। ਪੰਜਾਬੀ ਦੀ ਇਹ ਖੂਬੀ ਹੀ ਹੈ ਕਿ ਉਹ ਚਾਹੇ ਦੁਨੀਆਂ ਦੇ ਕਿਸੇ ਕੋਨੇ ਵਿੱਚ ਹੀ ਕਿਉਂ ਨਾ ਚਲੇ ਜਾਣ ਉਹ ਪੰਜਾਬੀਅਤ ਦੇ ਚੌਗਿਰਦੇ ਵਿੱਚੋਂ ਬਾਹਰ ਨਹੀਂ ਨਿਕਲ ਪਾਉਂਦੇ। ਇਹੋ ਕਾਰਨ ਹੈ ਕਿ ਕੈਨੇਡਾ ਵਰਗੇ ਮੁਲਕ ਵਿੱਚ ਵਸਦੇ ਪੰਜਾਬੀ ਆਪਣੇ ਸਭਿਆਚਾਰਿਕ ਵਿਰਸੇ ਅਤੇ ਮਾਂ ਬੋਲੀ ਪੰਜਾਬੀ ਪ੍ਰਤੀ ਸੁਚੇਤ ਹਨ ਅਤੇ ਇਸ ਨੂੰ ਕਿਸੇ ਵੀ ਕੀਮਤ ਤੇ ਬਰਕਰਾਰ ਰੱਖਣਾ ਚਾਹੁੰਦੇ ਹਨ। ਨਵੀਂ ਥਾਂ ਤੇ ਆ ਕੇ ਆਪਣੇ ਸਭਿਆਚਾਰ ਦੀ ਹੋਂਦ ਬਾਰੇ ਉਨ੍ਹਾਂ ਵਿੱਚ ਤੀਬਰਤਾ ਦਾ ਅਹਿਸਾਸ ਹੁੰਦਾ ਹੈ ਅਤੇ ਇਹੀ ਅਹਿਸਾਸ ਉਨ੍ਹਾਂ ਅੰਦਰ ਆਪਣੇ ਸਭਿਆਚਾਰ ਅਤੇ ਬੋਲੀ ਨੂੰ ਸੁਰੱਖਿਅਤ ਰੱਖਣ ਦੀ ਭਾਵਨਾ ਨੂੰ ਜਨਮ ਦਿੰਦਾ ਹੈ।

ਪੰਜਾਬ 1984 ਤੋਂ ਬਾਅਦ ਜਿਸ ਤ੍ਰਾਸਦੀ ਵਿੱਚੋਂ ਗੁਜ਼ਰਿਆ ਹੈ, ਪਰਵਾਸੀ ਪੰਜਾਬੀ ਸਾਹਿਤ ਵਿੱਚ ਇਸ ਦਾ ਕਾਫ਼ੀ ਉਲੇਖ ਮਿਲਦਾ ਹੈ। ਰਵਿੰਦਰ ਰਵੀ ਇਸ ਤ੍ਰਾਸਦੀ ਨੂੰ ਇੰਝ ਬਿਆਨ ਕਰਦਾ ਹੈ :

ਅੱਜ ਫੇਰ ਲਹੂ ਡੁਲ੍ਹਿਆ ਹੈ !
ਅੱਜ ਫੇਰ ਅਨੇਕਾਂ ਘਰ,
ਉਜਾੜ, ਸੁਨਸਾਨ ਬਣ ਗਏ ਹਨ।

ਅੱਜ ਫੇਰ ਰੱਬ ਦੇ ਆਦਮੀ,

ਸ਼ੈਤਾਨ ਬਣ ਗਏ ਹਨ।[54]

ਇਸ ਸਾਰੀ ਤ੍ਰਾਸਦੀ ਦੇ ਜ਼ਿੰਮੇਵਾਰ ਵਿਅਕਤੀਆਂ ਪ੍ਰਤੀ ਰਵੀ ਨੇ ਤਕੜਾ ਵਿਅੰਗ ਕੀਤਾ ਹੈ :

ਇਨਸਾਨ ਦੀਆਂ ਮੰਗਾਂ ਨੂੰ

ਰਾਜਨੀਤੀ ਵਿੱਚ ਰੰਗਣ ਵਾਲੇ

ਕਾਂਗਰਸੀ

ਚਿੱਟੇ, ਲਾਲ ਤੇ ਪੀਲੇ ਕਾਮਰੇਡ

ਅਕਾਲੀ, ਜਨਸੰਘੀ ਤੇ ਹੋਰ ਲਲਾਰੀ

ਅੱਜ ਚੁੱਪ ਕਿਉਂ ਹਨ???[55]

ਰਵਿੰਦਰ ਰਵੀ ਆਪਣੀ ਮਾਤਭੂਮੀ ਦੇ ਕਿਸੇ ਵੀ ਮਸਲੇ ਤੋਂ ਅਭਿੱਜ ਨਹੀਂ ਰਹਿ ਸਕਿਆ। ਉਸ ਨੇ ਇੱਕ-ਇੱਕ ਮਸਲੇ ਨੂੰ ਆਪਣੇ ਕਾਵਿ ਦਾ ਆਧਾਰ ਬਣਾਇਆ ਹੈ।

ਕੋਈ ਵੀ ਸਾਹਿਤਕਾਰ ਜਦੋਂ ਸਾਹਿਤ ਸਿਰਜਣਾ ਕਰਦਾ ਹੈ ਤਾਂ ਉਸਨੂੰ ਕਲਾਤਮਕ ਬਣਾਉਣ ਲਈ ਸੁਹਜ ਦਾ ਹੋਣਾ ਬਹੁਤ ਜ਼ਰੂਰੀ ਹੈ। ਕਿਉਂਕਿ ਜੇਕਰ ਸਾਹਿਤ ਵਿੱਚ ਸੁਹਜ ਨਹੀਂ ਹੈ ਤਾਂ ਉਹ ਕਲਾ ਕ੍ਰਿਤ ਨਹੀਂ ਬਣ ਸਕੇਗਾ। ਚੰਗੇ ਕਾਵਿ ਦਾ ਨਿਰਮਾਣ ਤਾਂ ਹੀ ਹੋ ਸਕਦਾ ਹੈ ਜੇਕਰ ਉਸ ਵਿੱਚ ਸੁਹਜ ਹੈ। ਇਸ ਤਰ੍ਹਾਂ ਕਾਵਿ ਸਿਰਜਣਾ ਅਤੇ ਸੁਹਜ ਸੰਚਾਰ ਇੱਕ ਦੂਸਰੇ ਦੇ ਪੂਰਕ ਬਣ ਜਾਂਦੇ ਹਨ। ਕਵੀ ਆਪਣੇ ਰਚਨਾਤਮਕ ਦਮ ਨਾਲ ਮਨੁੱਖ ਦੀਆਂ ਸੁੰਦਰ ਅਤੇ ਸਦੀਵੀ ਭਾਵਨਾਵਾਂ ਨੂੰ ਕਾਵਿ ਵਿੱਚ ਭਰਦਾ ਹੈ। ਸੁਹਜ ਸੰਚਾਰ ਕਾਵਿ ਕਲਾ ਦੀ ਆਤਮਾ ਹੈ। ਇਸ ਲਈ ਕਾਵਿ ਬੋਲਾਂ ਰਾਹੀਂ ਪ੍ਰਾਪਤ ਕੀਤਾ ਆਤਮਕ ਆਨੰਦ ਹੀ ਕਾਵਿ ਦਾ ਅਸਲੀ ਸੁਹਜ ਹੁੰਦਾ ਹੈ। ਸੁਹਜ ਨਾਲ ਹੀ ਕਾਵਿ ਵਿੱਚ ਪਾਠਕ ਦੀ ਖਿੱਚ ਬਣਦੀ ਹੈ। ਵੱਖ-ਵੱਖ ਵਿਦਵਾਨਾਂ ਨੇ ਕਾਵਿ ਵਿੱਚਲੇ ਸੁਹਜ ਦੇ ਵੱਖ-ਵੱਖ ਆਧਾਰ ਮੰਨੇ ਹਨ। ਡਾ. ਵੀ ਰਾਘਵਨ ਨੇ ਅਲੰਕਾਰਾਂ ਨੂੰ ਸੁਹਜ ਦਾ ਆਧਾਰ ਮੰਨਦਿਆਂ ਲਿਖਿਆ ਹੈ :

> "ਕਵਿਤਾ ਨ ਤਾਂ ਨਿਰੇ-ਪੁਰੇ ਭਾਵ ਹਨ, ਨ ਹੀ ਦਾਰਸ਼ਨਿਕ ਵਿਚਾਰ ਅਤੇ ਨਾ ਹੀ ਪਦਾਰਥਵਾਦੀ ਅਚਾਰ ਵਿਹਾਰ। ਸੋਹਣੇ ਅਤੇ ਦਿਲ ਭਾਉਂਦੇ ਖਿਆਲ ਸੋਹਣੀ ਤੇ ਦਿਲ ਭਾਉਂਦੀ ਸ਼ੈਲੀ ਵਿੱਚ ਉਘੜਨੇ ਚਾਹੀਦੇ ਹਨ.... ਅਲੰਕਾਰ ਦਾ ਪ੍ਰਯੋਜਨ ਕਾਵਿ ਪ੍ਰਭਾਵ ਨੂੰ ਤੀਖਣ ਕਰਨਾ ਹੈ। ਇਹ ਕਵੀ ਦਾ ਸਹਾਇਕ ਅੰਗ ਹੈ ਤਾਂ ਜੋ ਉਹ (ਕਵੀ) ਦਿਲ ਹਲੂਣਵੀ ਗੱਲ ਕਹਿ ਸਕੇ।"[56]

ਡਾ. ਵੀ. ਰਾਘਵਨ ਜਿੱਥੇ ਅਲੰਕਾਰਾਂ ਨੂੰ ਸੁਹਜ ਦਾ ਉਦੇਸ਼ ਮੰਨਦਾ ਹੈ, ਉੱਥੇ ਡਾ. ਮਿਸ਼ਰ ਭਾਸ਼ਾ ਦੇ ਪ੍ਰਗਟਾਅ ਰੂਪ ਨੂੰ ਪ੍ਰਮੁੱਖ ਮੰਨਦਾ ਹੈ। ਡਾ. ਰਾਮ ਦਹਿਨ ਮਿਸ਼ਰ ਦਾ ਮਤ ਹੈ :

> "ਅਲੰਕਾਰਾਂ ਦੀ ਸਹੀ ਵਰਤੋਂ ਕਾਵਿ ਸੁਹਜ ਵਧਾਉਣ ਲਈ ਹੀ ਹੈ। ਇਹ ਸੁਹਜ ਭਾਵੇਂ ਭਾਵਾਂ ਦਾ ਹੋਵੇ ਜਾਂ ਉਨ੍ਹਾਂ ਦੇ ਪ੍ਰਗਟਾ ਦਾ। ਭਾਵਾਂ ਨੂੰ ਸਜਾਉਣਾ, ਉਨ੍ਹਾਂ ਵਿੱਚ ਸੁਹਜ ਸੁਆਦ ਜਾਂ ਰਮਣੀਕਤਾ ਪੈਦਾ ਕਰਨਾ ਅਲੰਕਾਰਾਂ ਦਾ ਕੰਮ ਹੈ ਅਤੇ ਉਨ੍ਹਾਂ ਦਾ ਦੂਜਾ ਕੰਮ ਭਾਵਾਂ ਦੀ ਪ੍ਰਗਟਾ ਸ਼ੈਲੀ ਨੂੰ ਚਮਤਕਾਰੀ ਅਤੇ ਪ੍ਰਭਾਵਸ਼ਾਲੀ ਬਨਾਉਣਾ ਹੈ।"[57]

ਰਵਿੰਦਰ ਰਵੀ ਨੇ ਅਲੰਕਾਰਾਂ ਰਾਹੀਂ ਕਾਵਿ ਵਿੱਚ ਸੁਹਜ ਲਿਆਂਦਾ ਹੈ। ਉਸਦੀ ਕਵਿਤਾ ਵਿੱਚ ਬਹੁਤੇ ਅਲੰਕਾਰ ਸ਼ਹਿਰੀ ਜੀਵਨ ਨਾਲ ਸੰਬੰਧਤ ਹਨ। ਇਸ ਦੇ ਨਾਲ-ਨਾਲ ਵਿਗਿਆਨਕ ਖੇਤਰ ਨਾਲ ਸੰਬੰਧਿਤ ਸ਼ਬਦਾਵਲੀ ਦਾ ਪ੍ਰਯੋਗ ਵੀ ਉਸਦੇ ਕਾਵਿ ਵਿੱਚ ਸੁਹਜ ਲਿਆਉਂਦਾ ਹੈ। ਰਵਿੰਦਰ ਰਵੀ ਸ਼ਹਿਰੀ ਮੱਧਸ਼ਰੇਣੀ ਨਾਲ ਸੰਬੰਧ ਰੱਖਦਾ ਹੈ। ਚਾਹੇ ਰਵੀ ਨੇ ਹੋਰ ਵੀ ਕਈ ਅਲੰਕਾਰ ਵਰਤੇ ਹਨ ਪਰ ਉਪਮਾ, ਰੂਪਕ, ਦ੍ਰਿਸ਼ਟਾਤ ਅਤੇ ਉਤਪ੍ਰੇਖਿਆ ਉਸ ਦੇ ਮਨਪਸੰਦ ਅਲੰਕਾਰ ਹਨ। ਦ੍ਰਿਸ਼ਟਾਂਤ ਅਲੰਕਾਰ ਰਵਿੰਦਰ ਰਵੀ ਦੀ ਕਵਿਤਾ ਵਿੱਚ ਵਿਸ਼ੇਸ਼ ਰੂਪ ਵਿੱਚ ਵੇਖਿਆ ਜਾ ਸਕਦਾ ਹੈ:

ਜੀਵਨ ਜਿਉਂ ਜਰਮਨ ਦਾ ਮਸਲਾ
ਬਾਹਰੋਂ ਠੰਡੀਆਂ ਠੰਡੀਆਂ ਜੰਗਾਂ,
ਅੰਦਰ ਜਿਵੇਂ ਉਬਾਲੇ ਖਾਵੇ
ਜਵਾਲਾਮੁਖੀ ਦੇ ਲਾਵੇ ਵਾਂਗੂੰ।[58]

ਰਵਿੰਦਰ ਰਵੀ ਨੇ ਜੀਵਨ ਨੂੰ ਜਰਮਨ ਦੇ ਮਸਲੇ ਦੇ ਦ੍ਰਿਸ਼ਟਾਂਤ ਰਾਹੀਂ ਸਪਸ਼ਟ ਕੀਤਾ ਹੈ। ਇਸੇ ਉਦਾਹਰਣ ਵਿੱਚ ਉਪਮਾ ਅਲੰਕਾਰ ਵੀ ਵੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਅਨੁਪ੍ਰਾਸ ਅਲੰਕਾਰ ਦਾ ਪ੍ਰਯੋਗ ਵੀ ਰਵੀ ਕਾਵਿ ਵਿੱਚ ਸੁਹਜਾਤਮਕਤਾ ਲਿਆਉਂਦਾ ਹੈ।

ਇਸ ਸਭ ਤੋਂ ਇਲਾਵਾ ਰਵਿੰਦਰ ਰਵੀ ਨੇ ਵਿਰੋਧਾਭਾਸ ਅਲੰਕਾਰ ਦਾ ਵੀ ਪ੍ਰਯੋਗ ਕੀਤਾ ਹੈ। ਵਿਰੋਧਾਭਾਸ ਅਲੰਕਾਰ ਉਹ ਹੁੰਦਾ ਹੈ ਜਿੱਥੇ ਅਸਲ ਵਿੱਚ ਵਿਰੋਧ ਤਾਂ ਨਾ ਹੋਵੇ ਪਰ ਵਿਰੋਧ ਦਾ ਝਾਉਲਾ ਜ਼ਰੂਰ ਪਵੇ। ਇਹ ਵਿਰੋਧ ਅਤੇ ਆਭਾਸ ਦੀ ਜੋੜ ਸੰਧੀ ਹੈ :

ਰੌਸ਼ਨੀ ਆਪਣੀ 'ਚ ਤੂੰ ਹੀ ਨਹੀਂ ਸਗੋਂ
ਹਰ ਸਤਰ ਤੇ ਹਰ ਮਨੁੱਖ ਚੁੰਧਿਆ ਗਿਆ
ਸਿਖਰ ਸੂਰਜ ਨ੍ਹੇਰ ਨਜ਼ਰੀ ਵਿਚਰਦਾ।[59]

ਸਿਖਰ ਦੁਪਹਿਰ ਦਾ ਬਹੁਤ ਚਾਨਣ ਹੁੰਦਾ ਹੈ ਪਰ ਕਵੀ ਕਹਿੰਦਾ ਹੈ ਕਿ ਨਜ਼ਰਾਂ ਵਿੱਚ ਹਨੇਰਾ ਹੈ। ਇਹ ਵਿਰੋਧਾਭਾਸ ਹੈ। ਪੱਛਮੀ ਸਭਿਅਤਾ ਦਾ ਸੂਰਜ ਸਿਖਰ ਦੁਪਹਿਰ ਹੈ। ਪਰ ਮਨੁੱਖ ਦਾ ਆਪਾ ਖੰਡਿਤ ਹੋਇਆ ਹੈ; ਉਸ ਨੂੰ ਕੁਝ ਨਹੀਂ ਦਿਸਦਾ। ਇਹੋ ਵਿਰੋਧਾਭਾਸ ਹੈ। ਵਿਰੋਧ ਦਾ ਝਾਉਲਾ ਹੈ ਵਿਰੋਧ ਨਹੀਂ।

ਸੁਹਜ ਇੱਕ ਅਜਿਹਾ ਜ਼ਰੀਆ ਹੈ ਜਿਸ ਰਾਹੀਂ ਮਨੁੱਖ ਨੂੰ ਆਨੰਦ ਦੀ ਪ੍ਰਤੀਤੀ ਹੁੰਦੀ ਹੈ। ਸਤਨਾਮ ਸਿੰਘ ਸੰਧੂ ਸੁਹਜ ਨੂੰ ਕਲਾ ਦੇ ਮਾਧਿਅਮ ਨਾਲ ਜੋੜਦਾ ਹੋਇਆ ਕਹਿੰਦਾ ਹੈ ਕਿ:

> "ਕਲਾ ਦੇ ਅਨੁਭਵ ਅਤੇ ਅਭਿਵਿਅਕਤੀ ਰਾਹੀਂ ਮਨੁੱਖੀ ਮਨ ਵਿੱਚ ਪੈਦਾ ਹੋਇਆ ਆਨੰਦ ਸੁਹਜ ਅਖਵਾਉਂਦਾ ਹੈ।"[60]

ਇਸ ਤਰ੍ਹਾਂ ਕਲਾ ਅਤੇ ਸੁਹਜ ਇੱਕ ਦੂਜੇ ਨਾਲ ਰਲਗਡ ਹਨ। ਸੁਹਜ ਨੂੰ ਅਸੀਂ ਖੂਬਸੂਰਤੀ ਦਾ ਅਧਿਐਨ ਕਹਿ ਸਕਦੇ ਹਾਂ। ਯੂਰੀ ਬਰੋਵ ਅਨੁਸਾਰ :

> "ਜ਼ਰੂਰੀ ਨਹੀਂ ਕਿ ਕਲਾਕਾਰ ਚੇਤਨ ਰੂਪ ਵਿੱਚ ਜਾਣਦਾ ਹੋਵੇ ਕਿ ਉਹ ਕੀ ਕਰ ਰਿਹਾ ਹੈ। ਅਚੇਤ ਰੂਪ ਵਿੱਚ ਉਹ ਸੁਹਜ ਸਿਰਜਣਾ ਕਰਦਾ ਹੈ।..... ਸੱਚੀ ਕਲਾ ਸਿੱਧੇ ਰੂਪ ਵਿੱਚ ਉਪਯੋਗਤਾਮਈ ਨਹੀਂ ਹੁੰਦੀ।"[61]

ਰਵਿੰਦਰ ਰਵੀ ਇੱਕ ਅਜਿਹਾ ਕਵੀ ਹੈ ਜਿਸ ਨੇ ਆਪਣੀ ਕਵਿਤਾ ਵਿੱਚ ਸੁਹਜ ਲਿਆਉਣ ਲਈ ਕਟਾਖ਼ਸ਼ ਦੀ ਵਰਤੋਂ ਕੀਤੀ ਹੈ। ਉਹ ਕਟਾਖ਼ਸ਼ ਦੇ ਨਾਲ-ਨਾਲ ਪ੍ਰਸ਼ਨਿਕ ਚਿੰਨ੍ਹਾਂ ਦੀ ਵਰਤੋਂ ਵੀ ਕਰਦਾ ਹੈ। ਜਿਵੇਂ :

> ਇਹ ਕੈਸਾ ਅੱਜ ਦਾ ਆਦਮੀ
> ਤੇ ਕਿਸ ਤੇ ਦੋਸ਼ ਧਰੇ?
> ਇਸਦਾ ਮਰਨਾ ਜਿਉਣਾ ਅਭਿਨੈ,
> ਇਹ ਨਿਤ ਹੀ ਵੇਸ ਕਰੇ।[62]

ਰਵਿੰਦਰ ਰਵੀ ਅੱਜ ਦੇ ਸਮਾਜ ਦੇ ਨਕਲੀਪਨ ਤੇ ਉਂਗਲੀ ਧਰਦਾ ਹੈ। ਜੋ ਹਰ ਕੰਮ ਆਪਣੇ ਸਵਾਰਥ ਲਈ ਕਰਦਾ ਹੈ, ਪਰ ਉਹ ਇਹ ਭੁੱਲ ਜਾਂਦਾ ਹੈ ਕਿ ਉਸ ਨਾਲ ਜੋ ਵੀ ਚੰਗਾ ਜਾਂ ਮਾੜਾ ਹੋ ਰਿਹਾ ਹੈ, ਉਸ ਦਾ ਉਹ ਖ਼ੁਦ ਹੀ ਜ਼ਿੰਮੇਵਾਰ ਹੈ।

ਮਿਥਿਹਾਸਿਕ ਸਰੋਤਾਂ ਦੀ ਵਰਤੋਂ ਵੀ ਪ੍ਰਯੋਗਸ਼ੀਲ ਲਹਿਰ ਦਾ ਇੱਕ ਖ਼ਾਸ ਪਹਿਲੂ ਹੈ। ਪ੍ਰਯੋਗਸ਼ੀਲ ਕਵੀਆਂ ਨੇ ਆਧੁਨਿਕ ਮਨੁੱਖ ਦੀ ਬੇਚੈਨੀ, ਸੰਤਾਪ, ਡਰ, ਸ਼ੰਕਾ, ਬੇਵਿਸਾਹੀ, ਦਿਸ਼ਾਹੀਣਤਾ, ਉਪਰਾਮਤਾ ਅਤੇ ਬੇਗਾਨਗੀ ਦੇ ਅਨੁਭਵ ਨੂੰ ਪ੍ਰਗਟ ਕਰਨ ਲਈ ਮਿਥਿਹਾਸਿਕ ਸਰੋਤਾਂ ਨੂੰ ਪ੍ਰਤੀਕਾਤਮਕ ਵਿਧੀ ਦੁਆਰਾ

ਵਰਤਿਆ ਹੈ। ਰਵਿੰਦਰ ਰਵੀ ਨੇ ਮਿਥਿਹਾਸ ਦੀ ਵਰਤੋਂ ਮਾਨਸਿਕ ਯਥਾਰਥ ਨੂੰ ਪੇਸ਼ ਕਰਨ ਅਤੇ ਸਾਂਸਕ੍ਰਿਤਕ ਵਿਰਸੇ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਕੀਤੀ ਹੈ। ਰਵਿੰਦਰ ਰਵੀ ਨੇ ਸ਼ਹਿਰੀ ਨੱਠ ਭੱਜ ਜਾਂ ਭੀੜ ਵਿੱਚ ਸ਼ਹਿਰੀ ਮੱਧਸ਼੍ਰੇਣਿਕ ਵਿਅਕਤੀ ਦੀ ਬੁਖਲਾਹਟ ਨੂੰ 'ਅਭਿਮੰਨਿਊ' ਦੀ ਮਿੱਥ ਰਾਹੀਂ ਪੇਸ਼ ਕੀਤਾ ਹੈ :

ਤੇ ਮੈਨੂੰ ਅਕਸਰ ਇਉਂ ਲਗਦਾ

ਚੱਕਰਵਿਊ 'ਚੋਂ ਫਸਿਆ ਜੀਕੂੰ

ਕੋਈ ਅਭਿਮੰਨਿਊ ਨਿਕਲ ਆਉਂਦਾ।

..................................

ਬਾਹਰ ਦੀ ਜਿਸਮਾਨੀ ਭਾਜੜ ਤੋਂ ਵੱਧ ਕੇ

ਮਨ ਦੀ ਭਾਜੜ।

ਭੰਵਰ ਦਾ ਘੇਰਾ ਧੁਰੀ ਦੇ ਨਾਲੋਂ ਵੱਖ ਨਹੀਂ ਹੁੰਦਾ।

ਅੰਦਰੋਂ ਬਾਹਰੋਂ ਭੰਵਰ 'ਚ ਫਾਥਾ ਭੰਵਰ ਰੂਪ ਮੈਂ।[63]

ਰਵਿੰਦਰ ਰਵੀ ਨੇ ਮਿੱਥ ਦਾ ਪ੍ਰਯੋਗ ਪ੍ਰਤੀਕਾਤਮਕ ਰੂਪ ਵਿੱਚ ਸ਼ਹਿਰੀ ਮੱਧ-ਸ਼ਰੇਣੀ ਦੇ ਬਾਹਰਵਰਤੀ ਯਥਾਰਥ ਤੋਂ ਟੁੱਟੇ ਵਿਅਕਤੀਗਤ ਮਾਨਸਿਕ ਯਥਾਰਥ ਦੀ ਪੇਸ਼ਕਾਰੀ ਕਰਨ ਲਈ ਕੀਤਾ ਹੈ। ਅਸਲ ਵਿੱਚ ਕਵਿਤਾ ਵਿੱਚ ਪੇਸ਼ ਕੀਤੀ ਮਿੱਥ ਸਿੱਧੇ ਅਸਿੱਧੇ ਰੂਪ ਵਿੱਚ ਉਹਨਾਂ ਸੱਚਾਈਆਂ ਨੂੰ ਹੀ ਬਿਆਨ ਕਰਦੀ ਹੈ ਜਿਨ੍ਹਾਂ ਵਿੱਚ ਮਨੁੱਖ ਜੀ ਰਿਹਾ ਹੈ।

ਰਵਿੰਦਰ ਰਵੀ ਨੇ ਨਵੇਂ ਪ੍ਰਤੀਕਾਂ ਦੀ ਵੀ ਵਰਤੋਂ ਕੀਤੀ ਹੈ। ਉਸਨੇ ਧੂੰਆਂ, ਸੋਨਮਿਰਗ, ਸੁਨਹਿਰੀ ਸੱਪ, ਕੌਡੀ, ਮਿਰਗ, ਨਿੰਮ ਆਦਿ ਪ੍ਰਤੀਕ ਆਪਣੀਆਂ ਕਵਿਤਾਵਾਂ ਵਿੱਚ ਵਰਤੇ ਹਨ। ਧੂੰਆਂ ਕਵਿਤਾ ਵਿੱਚ ਧੂੰਆਂ ਮਾਨਸਿਕ ਅਸੰਤੁਸ਼ਟਤਾ ਦੇ ਪ੍ਰਤੀਕ ਰੂਪ ਵਿੱਚ ਪੇਸ਼ ਹੋਇਆ ਹੈ। ਸੁਨਹਿਰੀ ਸੱਪ ਇੱਕ ਤਰ੍ਹਾਂ ਨਾਲ ਦੁਨਿਆਵੀ ਮੋਹ ਮਾਇਆ ਦਾ ਪ੍ਰਤੀਕ ਹੈ ਅਤੇ ਸੋਨ ਮਿਰਗ ਮਾਨਸਿਕ ਭਟਕਣ ਦਾ। ਇਸੇ ਤਰ੍ਹਾਂ ਰਵਿੰਦਰ ਰਵੀ ਨੇ ਆਪਣੀ ਕਵਿਤਾ 'ਆਦਿ ਕਹਾਣੀ' ਵਿੱਚ ਇੱਕ ਬੰਦ ਲਿਆ ਹੈ :

ਦੇਸ਼ ਕਾਲ ਸੰਗ ਬੱਝਾ ਜੀਵਨ

ਅਚਰਜ ਕਿਹਾ ਤਮਾਸ਼ਾ

ਬ੍ਰਹਿਮੰਡ ਉਤੇ ਪ੍ਰਭੂਤਵ ਚਾਹੇ

ਪਾਣੀ ਵਿੱਚ ਪਤਾਸ਼ਾ।"[64]

ਪਤਾਸ਼ਾ ਉਹ ਮਿੱਠੀ ਵਸਤੂ ਹੈ ਜੋ ਵਿਆਹਾਂ ਸ਼ਾਦੀਆਂ ਅਤੇ ਹੋਰ ਖੁਸ਼ੀ ਦੇ ਮੌਕਿਆਂ ਨਾਲ ਜੁੜੀ ਹੋਈ ਹੈ। ਪਰ ਇਹ ਖੁਰਨ ਵਾਲਾ ਅਤੇ ਪੋਲਾ ਹੁੰਦਾ ਹੈ। ਕਵੀ ਨੇ ਜ਼ਿੰਦਗੀ ਨੂੰ ਪਤਾਸ਼ਾ ਕਹਿ ਕੇ ਜ਼ਿੰਦਗੀ ਦੀ ਛਿਣਭੰਗੁਰਤਾ ਵੱਲ ਇਸ਼ਾਰਾ ਕੀਤਾ ਹੈ।

ਪ੍ਰਯੋਗਸ਼ੀਲ ਕਵੀਆਂ ਨੇ ਚੇਤੰਨ ਪੱਧਰ ਤੇ ਪ੍ਰਗਤੀਵਾਦੀ ਕਵਿਤਾ ਦੇ ਬਿੰਬ ਵਿਧਾਨ ਦਾ ਤਿਆਗ ਕਰਦੇ ਹੋਏ ਜਿਹੜੇ ਮੌਲਿਕ ਬਿੰਬ ਵਿਧਾਨ ਦੀ ਸਿਰਜਨਾ ਕੀਤੀ ਹੈ, ਉਹ ਪਿੰਡ ਦੇ ਬਿੰਬ ਦੀ ਬਜਾਇ ਸ਼ਹਿਰੀ ਜੀਵਨ ਦੇ ਜ਼ਿਆਦਾ ਨੇੜੇ ਹੈ :

ਕਾਫੀ ਹਾਊਸ ਵਿੱਚ ਸਭ ਚਿਹਰੇ ਸਨ
ਕੋਈ ਵੀ ਚਿਹਰਾ ਮੈਂ ਨਹੀ ਸਾਂ।[65]

ਅਚੇਤ ਮਨ ਵਿਚਲੀਆਂ ਲਿੰਗਕ ਵੇਦਨਾਵਾਂ ਨੂੰ ਰਵਿੰਦਰ ਰਵੀ ਨੇ ਦ੍ਰਿਸ਼ ਬਿੰਬਾਂ ਅਤੇ ਸਪਰਸ਼ ਬਿੰਬਾਂ ਰਾਹੀਂ ਚਿਤਰਿਆ ਹੈ :

ਮਿੰਨੀ ਸਕਰਟ ਵਿੱਚੋਂ ਡਿਗਦੀਆਂ
ਲੱਤਾਂ ਨਾਲੋਂ ਲੱਥ ਕੇ
ਪਰਤੀ ਮੇਰੀ ਨਜ਼ਰ
ਇੱਕ ਨਵੇਂ ਕੋਨ ਤੋਂ ਵੇਖਦੀ ਹੈ।[66]

ਰਵਿੰਦਰ ਰਵੀ ਅਤ੍ਰਿਪਤ ਲਿੰਗਕ ਵੇਦਨਾਵਾਂ ਨੂੰ ਵਧੇਰੇ ਖੁੱਲ ਨਾਲ ਬਿਆਨ ਕਰਨ ਵਿੱਚ ਦਿਲਚਸਪੀ ਰੱਖਦਾ ਹੈ। ਉਸਦੀ ਕਵਿਤਾ ਦੇ ਗੰਧ ਬਿੰਬ ਅਤੇ ਸ੍ਰਵਣ ਬਿੰਬ ਇਸ ਦਾ ਪ੍ਰਮਾਣ ਹਨ।

ਉਸਦੇ ਅਲਿੰਗਣ 'ਚੋਂ ਮੈਨੂੰ
ਲਵੇ ਗਰਭ ਦੀ ਗੰਧ ਆਉਂਦੀ ਹੈ।[67]

.................

ਬਹੁਤ ਚਿਰ ਤੋਂ ਸੁਣ ਰਿਹਾ
ਧਮਕੀਆ ਦਾ ਸ਼ੋਰ ਹੈ।[68]

ਰਵਿੰਦਰ ਰਵੀ ਨੇ ਪੇਂਡੂ ਬਿੰਬ ਨਾ ਲੈ ਕੇ ਸ਼ਹਿਰੀ ਬਿੰਬਾਂ ਨੂੰ ਵਰਤਿਆ ਹੈ। ਇਹ ਰਵਿੰਦਰ ਰਵੀ ਦੇ ਪ੍ਰਯੋਗਵਾਦੀ ਹੋਣ ਦੀ ਨਿਸ਼ਾਨੀ ਹੈ।

ਰਵਿੰਦਰ ਰਵੀ ਨੇ ਆਪਣੇ ਕਾਵਿ ਵਿੱਚ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਰਾਹੀਂ ਉਹ ਆਧੁਨਿਕ ਮਨੁੱਖ ਦੀ ਮਾਨਸਿਕ ਦਸ਼ਾ ਅਤੇ ਹੋਰਨਾਂ ਮਨੁੱਖਾਂ ਨਾਲ ਉਸਦੀ ਵਰਤੋਂ ਵਿਹਾਰ ਦੇ ਪੱਧਰ ਦਾ

ਪ੍ਰਗਟਾਵਾ ਕਰਦਾ ਹੈ। ਅਜੋਕੇ ਮਾਨਵੀ ਮੁੱਲਾਂ ਦੇ ਸੰਦਰਭ ਉਸਦੀ ਹੋ ਰਹੀ ਦੁਰਗਤੀ ਨੂੰ ਦਰਸਾਉਂਦਾ ਹੈ। ਉਦਾਹਰਨ ਵਜੋਂ ਜੋਂਕ, ਕਰੀਰ, ਬੇਰੀ, ਸੂਲ, ਨ੍ਹੇਰ੍ਹਾ, ਕੋਠੀਆਂ, ਬੰਗਲੇ, ਮੋਟਰਕਾਰਾਂ, ਸਿਨਮੇ, ਨਾਚ ਘਰ, ਕੁੱਤੇ, ਕੋਕੜੂ, ਸੱਪ, ਚੋਰੀ, ਡਾਕੇ, ਪ੍ਰਮਾਣੂ, ਰੋਬੋਟ, ਅੱਕ-ਕੱਕੜੀ, ਵੇਸਵਾ, ਕੋਠਾ, ਨਫ਼ਰਤ, ਨਿੰਦਿਆ ਆਦਿ ਸ਼ਬਦਾਂ ਦੀ ਵਰਤੋਂ ਉਸਨੂੰ ਆਧੁਨਿਕ ਮਨੁੱਖੀ ਰਿਸ਼ਤਿਆਂ ਵਿੱਚ ਆ ਚੁੱਕੀ ਬੇਗਾਨਗੀ ਨੂੰ ਸਹੀ ਢੰਗ ਨਾਲ ਪ੍ਰਗਟਾਉਣ ਦੇ ਸਮਰੱਥ ਬਣਾਉਂਦੀ ਹੈ।

ਉਸ ਦੀ ਕਵਿਤਾ ਵਿੱਚ ਥਾਂ ਥਾਂ ਤੇ ਲੋਕ-ਸ਼ਬਦਾਵਲੀ, ਲੋਕ-ਕਾਵਿ ਰੂਪਾਂ, ਲੋਕ-ਕਥਾਵਾਂ, ਲੋਕ-ਕਲਾਵਾਂ, ਲੋਕ-ਸਾਜਾਂ ਅਤੇ ਲੋਕ-ਕੰਮ-ਧੰਦਿਆਂ ਦਾ ਜ਼ਿਕਰ ਹੋਇਆ ਵੇਖ ਸਕਦੇ ਹਾਂ। ਉਸ ਨੇ ਲੋਕ-ਕਾਵਿ ਵਿੱਚ ਜਾਗੋ, ਮਾਹੀਆ, ਛੱਲਾ ਆਦਿ ਕਾਵਿ-ਰੂਪਾਂ ਦੀ ਵਰਤੋਂ ਆਧੁਨਿਕ ਮਨੁੱਖ ਦੀ ਭਟਕਣਾ ਵਿੱਚ ਪਈ ਦਿਸ਼ਾ ਰਹਿਤ ਜ਼ਿੰਦਗੀ ਨੂੰ ਸੇਧ ਦੇਣ ਲਈ ਕੀਤੀ ਹੈ। 'ਮਾਹੀਆ' ਕਾਵਿ ਰੂਪ ਦੀ ਵਰਤੋਂ ਰਾਹੀਂ ਰਵਿੰਦਰ ਰਵੀ ਕਿਰਤੀ ਸ਼੍ਰੇਣੀ ਦੀ ਲੁੱਟੀ ਜਾ ਰਹੀ ਕਿਰਤ ਦੀ ਗੱਲ ਕਰਦਾ ਹੈ। 'ਜਾਗੋ' ਕਾਵਿ ਰੂਪ ਰਾਹੀਂ ਉਹ ਮਜ਼ਦੂਰ ਵਰਗ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਤੇ ਜ਼ੋਰ ਦਿੰਦਾ ਹੋਇਆ ਅਤੇ ਵਰਤਮਾਨ ਆਰਥਿਕ ਸਭਿਆਚਾਰਿਕ ਵਿਵਸਥਾ ਤੋਂ ਉਦਾਸੀਨਤਾ ਅਤੇ ਅਸੰਤੁਸ਼ਟੀ ਜ਼ਾਹਿਰ ਕਰਦਾ ਹੋਇਆ, ਇੱਕ ਇਨਕਲਾਬੀ ਸੁਰ ਉਭਾਰਦਾ ਹੈ। ਇਸ ਕਾਵਿ ਰੂਪ ਰਾਹੀਂ ਕਵੀ ਨੇ ਅੱਜ ਦੇ ਆਪਾ ਮਾਰੂ ਮਾਹੌਲ ਵਿੱਚ ਆਪੇ ਨੂੰ ਲੁਕੋ ਕੇ ਬੈਠੇ ਮਨੁੱਖ ਨੂੰ ਉਸਦੀ ਦੂਸ਼ਿਤ ਹੋ ਚੁੱਕੀ ਮਾਨਸਿਕਤਾ ਤੋਂ ਨਿਜ਼ਾਤ ਦਿਵਾਉਣ ਲਈ ਚੇਤਨਾ ਪੈਦਾ ਕੀਤੀ ਹੈ। 'ਛੱਲਾ' ਕਾਵਿ ਰੂਪ ਰਾਹੀਂ ਉਸਨੇ ਲੋਕਾਂ ਵਿੱਚ ਆ ਰਹੀ ਨੈਤਿਕ ਗਿਰਾਵਟ ਨੂੰ ਰੂਪਮਾਨ ਕੀਤਾ ਹੈ। ਡਾ. ਦਵਿੰਦਰ ਕੌਰ ਦਾ ਵਿਚਾਰ ਹੈ ਕਿ :

> "ਰਵਿੰਦਰ ਰਵੀ ਨੇ ਲੋਕ ਗੀਤਾਂ ਵਿਚਲੇ ਵੇਰਵਿਆਂ ਨੂੰ ਤਤਕਾਲੀ ਲੋੜਾਂ ਅਨੁਸਾਰ ਬਦਲਿਆ ਹੈ।"[69]

ਉਸਦੇ ਅਗਰਗਾਮੀ ਵਿਚਾਰਾਂ ਦਾ ਪਤਾ ਇਹਨਾਂ ਸਤਰਾਂ ਤੋਂ ਲੱਗ ਜਾਂਦਾ ਹੈ :

ਇੱਕ ਤਾਰਾ ਦੋ ਤਾਰਾ ਵੱਜਦਾ
ਢੋਲਕ ਕਿਸੇ ਉਠਾਈ
ਕੋਈ ਗਾਵੇ ਢੋਲਾ ਮਾਹੀਆ
ਜਾਗੋ ਕਿਸੇ ਜਗਾਈ
ਛੱਲੇ ਦੇ ਵਿੱਚ ਦਰਦ ਪਰੋ ਕੇ
ਹੀਰ ਕਿਸੇ ਦੀ ਆਈ

ਇਹ ਅਸਮਾਨੀ ਲਾਟ ਚੌਰਾਹੇ

ਨਚਿਆਂ ਮਚੇ ਸਵਾਈ

ਖਬਰਦਾਰ ਰਹਿਣਾ ਜੀ

ਜਾਗੋ ਸੂਰਜਾਂ ਦੀ ਆਈ।[70]

ਸੂਰਜ ਰੌਸ਼ਨੀ (ਉਜਾਲੇ) ਦਾ ਪ੍ਰਤੀਕ ਹੈ ਅਤੇ ਨਵੇਂ ਯੁੱਗ ਦੇ ਆਮਦ ਦੀ ਗੱਲ ਇਸ ਕਾਵਿ ਬੰਦ ਵਿੱਚ ਹੋਈ ਹੈ।

ਇਸ ਦੀਆਂ ਕਵਿਤਾਵਾਂ ਵਿੱਚ ਕਈ ਥਾਵਾਂ ਤੇ ਤੋਲ ਤੁਕਾਂਤ ਨਜ਼ਰ ਨਹੀਂ ਆਉਂਦਾ ਪਰ ਸ਼ਬਦਾਂ ਦੇ ਦੁਹਰਾਓ ਤੇ ਰਵਾਨਗੀ ਸਦਕਾ ਇੱਕ ਸੰਗੀਤਕ ਲੈਅ ਪੈਦਾ ਹੁੰਦੀ ਹੈ ਜੋ ਕਵਿਤਾ ਨੂੰ ਰਵਾਨਗੀ ਦਿੰਦੀ ਹੈ।

ਰਵੀ ਨੇ ਪੰਜਾਬੀ ਦੇ ਕਲਾਸਕੀ ਕਵੀਆਂ ਵਾਂਗ 'ੜ' ਦੀ ਵਰਤੋਂ ਕਈ ਥਾਂ ਬੜੇ ਸੁੰਦਰ ਢੰਗ ਨਾਲ ਕੀਤੀ ਹੈ। ਜਿਵੇਂ ਐਮੜੀ, ਮੁਸਕੜੀ, ਜਿੰਦੜੀ, ਹਿੰਦੜੀ ਆਦਿ। ਮਾਲਵੇ ਅਤੇ ਦੁਆਬੇ ਦੇ ਬਹੁਤ ਸਾਰੇ ਕਵੀਆਂ ਵਾਂਗ ਰਵਿੰਦਰ ਰਵੀ ਵੀ ਉਪਬੋਲੀ ਦੇ ਪ੍ਰਭਾਵ ਤੋਂ ਪੂਰਨ ਭਾਂਤ ਮੁਕਤ ਨਹੀਂ ਹੋ ਸਕਿਆ। ਇਹ ਗੱਲ ਕਿਸੇ ਵੀ ਸਾਹਿਤਕਾਰ ਤੇ ਢੁੱਕ ਸਕਦੀ ਹੈ ਕਿਉਂਕਿ ਆਪਣੀ ਬੋਲੀ ਵਿੱਚ ਜੰਮਿਆ ਅਤੇ ਪਲਿਆ ਇਨਸਾਨ ਕਦੇ ਵੀ ਉਸ ਤੋਂ ਟੁੱਟ ਨਹੀਂ ਸਕਦਾ। ਉਹ ਚਾਹ ਕੇ ਵੀ ਖੇਤਰੀ ਸ਼ਬਦ ਵਰਤਣੋਂ ਰਹਿ ਨਹੀਂ ਸਕਦਾ। ਇਹ ਸ਼ਬਦ ਉਸਦੀ ਜ਼ੁਬਾਨ ਉੱਪਰ ਖੜੇ ਹੁੰਦੇ ਹਨ ਅਤੇ ਆਪ ਮੁਹਾਰਾ ਸਾਹਿਤ ਵਿੱਚ ਆ ਜਾਂਦੇ ਹਨ। ਇਹੀ ਸਭ ਕੁਝ ਕਵੀ ਰਵਿੰਦਰ ਰਵੀ ਨਾਲ ਵੀ ਵਾਪਰਿਆ। ਇਸ ਵਿੱਚ ਕਵੀ ਨੇ ਕੋਈ ਉਚੇਚ ਨਹੀਂ ਕੀਤੀ ਬਲਕਿ ਆਪਣੇ ਆਪ ਇਹ ਸ਼ਬਦ ਉਸਦੀ ਕਲਮ ਵਿੱਚੋਂ ਕਿਰਨ ਲਗ ਪਏ।

ਰਵਿੰਦਰ ਰਵੀ ਦੀ ਕਵਿਤਾ ਵਿੱਚ ਦਾਰਸ਼ਨਿਕਤਾ ਵਾਲੇ ਅੰਸ਼ ਵੀ ਸਹਿਜੇ ਹੀ ਵੇਖੇ ਜਾ ਸਕਦੇ ਹਨ। ਸਮਾਜ ਸ਼ਾਸਤਰ ਨਾਲ ਸੰਬੰਧਿਤ ਹੋਣ ਕਰਕੇ ਵਿਗਿਆਨਕ ਬੋਧ ਵੀ ਉਸਦੀ ਕਵਿਤਾ ਨੂੰ ਵੱਖਰਤਾ ਪ੍ਰਧਾਨ ਕਰਦੇ ਹਨ। ਅੱਜ ਦੇ ਮਨੁੱਖ ਦੀ ਅਸਤਿਤਵਹੀਣਤਾ ਦਾ ਬਿਆਨ ਵੀ ਰਵੀ ਬੜੇ ਦਾਰਸ਼ਨਿਕ ਢੰਗ ਨਾਲ ਕਰਦਾ ਹੈ :

ਕਿਰ ਰਿਹਾ ਹੈ ਅੱਜ ਦਾ ਮਨੁੱਖ

ਛਾਨਣੀ 'ਚੋਂ ਰੇਤ ਵਾਂਗ।[71]

ਇਨ੍ਹਾਂ ਸਭ ਤੋਂ ਇਲਾਵਾ ਰਵਿੰਦਰ ਰਵੀ ਦੀ ਕਵਿਤਾ ਵਿੱਚ ਜਿਹੜੀ ਗੱਲ ਸਭ ਤੋਂ ਜ਼ਿਆਦਾ ਧਿਆਨ ਖਿੱਚਦੀ ਹੈ ਉਹ ਹੈ ਪ੍ਰਸ਼ਨ ਚਿੰਨ੍ਹਾਂ, ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਹੈ। ਉਹ ਆਪਣੀ ਕਾਵਿ ਰਚਨਾ ਵਿੱਚ ਅਨੇਕਾਂ ਪ੍ਰਸ਼ਨਾਂ ਨਾਲ ਸੰਘਰਸ਼ ਕਰਦਾ ਨਜ਼ਰ ਆਉਂਦਾ ਹੈ। ਪ੍ਰਸ਼ਨਵਾਚੀ ਵਿਧੀ ਉਸ ਦੀਆਂ ਬਹੁਤ ਸਾਰੀਆਂ

ਕਵਿਤਾਵਾਂ ਵਿੱਚ ਦੇਖੀ ਜਾ ਸਕਦੀ ਹੈ। ਜਿਉਂ-ਜਿਉਂ ਉਸ ਦੇ ਸਾਹਮਣੇ ਵਿਗਿਆਨਕ ਪ੍ਰਾਪਤੀਆਂ ਅਤੇ ਪਦਾਰਥਵਾਦੀ ਜ਼ਿੰਦਗੀ ਵਿੱਚ ਖੱਚਤ ਮਨੁੱਖ ਆਦਿ ਸਥਿਤੀਆਂ ਆਉਂਦੀਆਂ ਗਈਆਂ ਇਹਨਾਂ ਪ੍ਰਸ਼ਨਾਂ ਦਾ ਰੂਪ ਹੋਰ ਵਿਸਤ੍ਰਿਤ ਅਤੇ ਵਿਸ਼ਾਲ ਹੁੰਦਾ ਗਿਆ। ਆਪਣੀਆਂ ਕੁਝ ਕਵਿਤਾਵਾਂ ਵਿੱਚ ਉਹ ਇਹਨਾਂ ਸਵਾਲ ਜਵਾਬਾਂ ਨੂੰ ਪੇਸ਼ ਕਰਦਾ ਹੈ :

ਮਸ਼ੀਨ ਦੇ ਇਸ ਯੁੱਗ ਵਿੱਚ,
ਟੀ.ਵੀ. ਕੁਮੱਰਸ਼ਲਜ਼,
ਤੇ ਇਸ਼ਤਿਹਾਰੀ ਰੌਸ਼ਨੀਆਂ
ਦੀ ਜੂਨ ਭੋਗਦੀ, ਅੱਜ ਦੀ ਨਸਲ
ਕਿਧਰ ਨੂੰ ਜਾ ਰਹੀ ਹੈ???[72]

ਆਪਣਾ ਦੇਸ਼ ਕਿਆ ਹੈ ਪਿਆਰੇ?
ਆਪਣਾ ਦੇਸ਼ ਤਾਂ ਕੇਵਲ ਮੈਂ ਹਾਂ!!![73]

ਉਸ ਦੀਆਂ ਕਵਿਤਾਵਾਂ ਵਿੱਚ ਕਈ ਥਾਵਾਂ ਤੇ ਪ੍ਰਸ਼ਨ ਚਿੰਨ੍ਹ ਹਨ ਅਤੇ ਕਈ ਥਾਵਾਂ ਤੇ ਵਿਸ਼ਰਾਮ ਚਿੰਨ੍ਹ। ਕਈ ਵਾਰ ਕੋਈ ਸ਼ਬਦ ਅਰਥ ਨੂੰ ਪੂਰੀ ਤਰ੍ਹਾਂ ਸ਼ਪਸ਼ਟ ਨਹੀਂ ਕਰ ਪਾਉਂਦਾ, ਸ਼ਬਦ ਸਮੁੱਚੇ ਅਰਥ ਦਾ ਅੰਸ਼ ਮਾਤਰ ਹੀ ਪ੍ਰਗਟਾਉਂਦਾ ਹੈ। ਇਸ ਵਿੱਚ ਬਹੁਤ ਕੁਝ ਅਣਕਿਹਾ ਰਹਿ ਜਾਂਦਾ ਹੈ। ਪਰ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਨਾਲ ਪਾਠਕ ਅੰਦਰ ਉਤਸੁਕਤਾ ਵੱਧ ਜਾਂਦੀ ਹੈ ਅਤੇ ਉਹ ਸ਼ਬਦਾਂ ਦੇ ਪਿੱਛੇ ਛਿਪੇ ਅਰਥਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਕਵਿਤਾ ਵਿੱਚ ਸੁਹਜ ਲਿਆਉਣ ਲਈ ਉਹ ਕਟਾਖਸ਼ ਦੀ ਵਰਤੋਂ ਕਰਦਾ ਹੈ ਅਤੇ ਉਹ ਕਟਾਖਸ਼ ਪ੍ਰਸ਼ਨਿਕ ਚਿੰਨ੍ਹਾਂ ਨਾਲ ਆਉਂਦਾ ਹੈ।

ਰਵਿੰਦਰ ਰਵੀ ਆਪਣੀ ਕਵਿਤਾ ਵਿੱਚ ਜਿਹੜੇ ਅੰਗਰੇਜ਼ੀ ਦੇ ਸ਼ਬਦ ਵਰਤਦਾ ਹੈ ਉਨ੍ਹਾਂ ਵਿੱਚੋਂ ਬਹੁਤੇ ਸ਼ਬਦ ਪੰਜਾਬੀ ਵਿੱਚ ਆਮ ਜਜ਼ਬ ਹੋ ਗਏ ਹਨ। ਜਿਵੇਂ ਟਿਕਟ, ਰੇਡੀਓ, ਡਿਪਟੀ ਕਮਿਸ਼ਨਰ, ਅਫਸਰ, ਸਟੇਸ਼ਨ, ਸਿਗਨਲ ਆਦਿ। ਇਹਨਾਂ ਨੂੰ ਵਰਤੋਂ ਵਿੱਚ ਲਿਆਉਣ ਦਾ ਇੱਕ ਕਾਰਨ ਇਹ ਵੀ ਹੈ ਕਿ ਰਵਿੰਦਰ ਰਵੀ ਇੱਕ ਪਰਵਾਸੀ ਕਵੀ ਹੈ ਅਤੇ ਵਿਦੇਸ਼ੀ ਬੋਲੀ ਦਾ ਅਸਰ ਉਸਦੇ ਕਾਵਿ ਵਿੱਚ ਸਾਫ ਦਿੱਖਦਾ ਹੈ।

ਟਾਏਲੈਟ ’ਚ ਹਾਰਪਿਕ
ਏਅਰ ਫਰੈਸ਼ਨਰ
ਜੇਠ ਹਾੜ ਜਾਂ ਮੇਘਲ ਮਾਹ

ਕੱਛੀ, ਕਲੀਆਂ ਦੀ ਮਹਿਕ

ਡੀਓਡਰੈਂਟ

ਆਫ਼ਟਰ-ਸੇਵ ਲੋਸ਼ਨ।[74]

ਰਵਿੰਦਰ ਰਵੀ ਨੇ ਆਪਣੇ ਕਾਵਿ ਬੰਦ ਵਿੱਚ ਜਿਹੜੇ ਸ਼ਬਦ ਟਾਇਲੈਟ, ਹਾਰਪਿਕ, ਡੀਓਡਰੈਂਟ ਆਦਿ ਵਰਤੇ ਹਨ। ਉਹਨਾਂ ਦੇ ਸਮਾਨਾਰਥੀ ਜੇ ਪੰਜਾਬੀ ਸ਼ਬਦ ਵਰਤੇ ਜਾਂਦੇ ਤਾਂ ਬਹੁਤ ਅਜੀਬ ਲਗਣੇ ਸਨ। ਜਿਵੇਂ ਡੀਉਡਰੈਂਟ ਨੂੰ ਜੇਕਰ ਮੁਸ਼ਕਮਾਰ ਕਿਹਾ ਜਾਵੇ ਤਾਂ ਕਵਿਤਾ ਵਿੱਚ ਸੁਹਜ ਦੇ ਖਿਲਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਰਵਿੰਦਰ ਰਵੀ ਦੀ ਕਵਿਤਾ ਵਿੱਚ ਨਾਟਕੀ ਅੰਸ਼ ਵੀ ਵੇਖਣ ਨੂੰ ਮਿਲਦਾ ਹੈ। ਇਸਦਾ ਕਾਰਨ ਸ਼ਾਇਦ ਉਸਦੇ ਕਵਿਤਾ ਦੇ ਨਾਲ-ਨਾਲ ਲਿਖੇ ਕਾਵਿ ਨਾਟਕ ਵੀ ਹੋ ਸਕਦੇ ਹਨ। ਜਿਨ੍ਹਾਂ ਦੇ ਪ੍ਰਭਾਵ ਤੋਂ ਉਹ ਬੱਚ ਨਹੀਂ ਪਾਇਆ। ਰਵਿੰਦਰ ਰਵੀ ਦੀ ਕਵਿਤਾ 'ਮੈਂ ਕਿਸ ਨਗਰੀ ਵਿੱਚ ਭਟਕ ਰਿਹਾਂ' ਸਾਰੀ ਦੀ ਸਾਰੀ ਨਾਟਕੀ ਹੈ।

ਰਵਿੰਦਰ ਰਵੀ ਦੇ ਕਾਵਿ ਸੰਚਾਰ ਦਾ ਸਰੂਪ ਬਿਲਕੁਲ ਮੌਲਿਕ ਹੈ। ਉਹ ਆਧੁਨਿਕ ਮਨੁੱਖ ਦੀਆਂ ਪੇਚੀਦੀਗੀਆਂ, ਕਮੀਨੇਪਨ ਅਤੇ ਦੋਮੂਹੇ ਕਿਰਦਾਰ ਨੂੰ ਸਪਸ਼ਟ ਸ਼ਬਦਾਂ ਵਿੱਚ ਭੰਡਦਾ ਹੈ ਅਤੇ ਇਸ ਪੇਸ਼ਕਾਰੀ ਸਮੇਂ ਉਹ ਕਿਸੇ ਲਗ ਲਪੇਟ ਤੋਂ ਕੰਮ ਨਹੀਂ ਲੈਂਦਾ। ਉਹ ਜੀਵਨ ਦੇ ਹਰ ਇੱਕ ਸੱਚ ਨੂੰ ਤਿੱਖੇ ਸ਼ਬਦਾਂ ਦੇ ਮਾਧਿਅਮ ਦੁਆਰਾ ਪੇਸ਼ ਕਰਦਾ ਹੈ। ਮਸ਼ੀਨੀ ਯੁੱਗ ਵਿੱਚ ਮਸ਼ੀਨ ਬਣੇ ਮਨੁੱਖ ਦੀ ਜੀਵਨ ਕਹਾਣੀ ਨੂੰ ਪੇਸ਼ ਕਰਦਾ ਉਹ ਅਜਿਹੇ ਕਾਵਿ ਮੁਹਾਵਰੇ ਸਿਰਜਦਾ ਹੈ ਜਿਸ ਵਿੱਚ ਕੋਈ ਸੰਗੀਤ ਰਸ ਨਹੀਂ ਹੁੰਦਾ। ਸਗੋਂ ਰੁੱਖੇ ਜੀਵਨ ਦੀ ਕਹਾਣੀ ਨੂੰ ਰੁੱਖੇ ਸ਼ਬਦਾਂ ਵਿੱਚ ਬਿਆਨ ਕਰਦਾ ਹੈ।

ਰਵਿੰਦਰ ਰਵੀ ਦੀ ਕਵਿਤਾ ਦਾ ਅਧਿਐਨ ਕਰਦਿਆਂ ਇਹ ਗੱਲ ਸਪਸ਼ਟ ਰੂਪ ਵਿੱਚ ਉਭਰਦੀ ਹੈ ਕਿ ਕਵੀ ਆਪਣੀ ਕਵਿਤਾ ਵਿੱਚ ਵਸਤੂ ਅਤੇ ਰੂਪਕ ਪੱਖ ਤੋਂ ਨਵੇਂ ਪ੍ਰਯੋਗ ਕਰਨ ਦੀ ਆਵਸ਼ੱਕਤਾ ਉੱਤੇ ਬਲ ਦਿੱਤਾ ਹੈ। ਉਹ ਛੰਦ ਮੁਕਤ ਕਵਿਤਾ ਦੇ ਮੁਹਾਵਰੇ ਨੂੰ ਵੀ ਪ੍ਰਯੋਗ ਵਿੱਚ ਲਿਆਉਂਦਾ ਹੈ। ਉਹ ਆਧੁਨਿਕ ਬੋਧ ਦੀਆਂ ਜ਼ਰੂਰਤਾਂ ਤੇ ਯਥਾਰਥ ਅਨੁਰੂਪਤਾ ਦੇ ਅਨੁਸਾਰ ਹੀ ਕਾਵਿ-ਮੁਹਾਵਰੇ ਦੀ ਸਿਰਜਣਾ ਕਰਦਾ ਹੈ। ਕਦੇ-ਕਦੇ ਉਹ ਆਪਣੀ ਕਵਿਤਾ ਵਿੱਚ ਛੰਦ-ਮੁਕਤ ਹੁੰਦਾ ਹੋਇਆ ਵੀ ਛੰਦ ਯੁਕਤ ਕਾਵਿ ਢਾਂਚੇ ਨੂੰ ਉਸਾਰਨ ਦਾ ਅਚੇਤ/ਸੁਚੇਤ ਯਤਨ ਕਰਦਾ ਹੈ ਅਤੇ ਲੈਆਤਮਕਤਾ ਨੂੰ ਬਰਕਰਾਰ ਰੱਖਦਾ ਹੈ। ਜਿਵੇਂ :

ਮੇਰੀ ਰਚਨਾ ਹੀ, ਮੇਰਾ ਪਰਛਾਵਾਂ

ਇਸ ਵਿੱਚ, ਮੇਰਾ ਪੱਤਰ ਟਾਵਾਂ, ਟਾਵਾਂ!

ਮੇਰਾ ਸੂਰਜ, ਇਸ ਵਿੱਚ ਚੜਦਾ,

ਇਸ ਵਿੱਚ ਹੀ, ਘਨਘੋਰ ਘਟਾਵਾਂ।[75]

ਕਵਿਤਾ ਵਿੱਚ ਰੂਪ ਅਤੇ ਵਸਤੂ ਦਾ ਸਰੀਰ ਅਤੇ ਆਤਮਾ ਵਰਗਾ ਸੰਬੰਧ ਹੈ। ਇਹ ਵੱਖਰੇ ਨਹੀਂ ਕੀਤੇ ਜਾ ਸਕਦੇ। ਰੂਪ ਢੰਗ ਹੈ ਗੱਲ ਕਰਨ ਦਾ, ਗੱਲ ਵਿੱਚ ਹੀ ਗੱਲ ਦਾ ਤਰੀਕਾ ਲੁਕਿਆ ਹੁੰਦਾ ਹੈ। ਰੂਪ ਕਲਾ ਦਾ ਅਨਿਖੜਵਾ ਅੰਗ ਹੈ। ਪਰ ਇਹ ਸਮਾਜਿਕ ਵੇਗ ਨਾਲ ਬਦਲਦਾ ਰਹਿੰਦਾ ਹੈ ਅਤੇ ਇਸਦਾ ਸਾਹਿਤ ਦੀ ਵਸਤੂ ਨਾਲ ਗਹਿਰਾ ਸੰਬੰਧ ਹੈ। ਇਸ ਲਈ ਕਿਸੇ ਸਾਹਿਤਿਕ ਧਾਰਾ ਅਥਵਾ ਰਚਨਾ ਦਾ ਆਲੋਚਨਾਤਮਕ ਅਧਿਐਨ ਕਰਦੇ ਹੋਏ ਉਸਨੂੰ ਕਲਾਤਮਕ ਦ੍ਰਿਸ਼ਟੀਕੋਣ ਤੋਂ ਵੀ ਪਰਖਣਾ ਜ਼ਰੂਰੀ ਹੁੰਦਾ ਹੈ। ਰਵਿੰਦਰ ਰਵੀ ਦੀ ਕਾਵਿ ਸਿਰਜਣਾ ਦਾ ਵਸਤੂ ਅਤੇ ਰੂਪਗਤ ਅਧਿਐਨ ਕਰਨ ਉਪਰੰਤ ਇਹ ਸਪਸ਼ਟ ਹੁੰਦਾ ਹੈ ਕਿ ਰਵਿੰਦਰ ਰਵੀ ਦੀ ਕਾਵਿ ਸੰਵੇਦਨਾ ਨਿਰੰਤਰ ਵਿਕਾਸਸ਼ੀਲ ਰਹੀ ਹੈ ਜੋ ਆਤਮ ਜਗਤ ਤੋਂ ਅਨੁਭਵ ਜਗਤ ਤੱਕ ਫੈਲਦੀ ਹੋਈ ਪੂਰੇ ਵਿਸ਼ਵ ਦੀ ਗੱਲ ਕਰਦੀ ਹੈ। ਆਪਣੀ ਕਵਿਤਾ ਰਾਹੀਂ ਰਵੀ ਆਧੁਨਿਕ ਮਨੁੱਖ ਨੂੰ ਉਸਦੇ ਜੀਵਨ ਯਥਾਰਥ ਤੋਂ ਜਾਣੂ ਕਰਵਾਉਂਦਾ ਹੈ। ਉਸ ਦੀ ਕਵਿਤਾ ਵਿੱਚ ਉਸਦੀ ਕਾਵਿ ਸੰਵੇਦਨਾ ਨਿਰੰਤਰ ਨਵੇਂ ਦਿੱਸਹਦਿਆਂ ਦੀ ਤਲਾਸ਼ ਵਿੱਚ ਵਿਚਰਦੀ ਵਿਖਾਈ ਦਿੰਦੀ ਹੈ।

# ਹਵਾਲੇ ਅਤੇ ਪਦ-ਟਿੱਪਣੀਆਂ


1 ਰਾਮਚੰਦ੍ਰ ਵਰਮਾ, **ਮਾਨਕ ਹਿੰਦੀ ਕੋਸ਼**, ਹਿੰਦੀ ਸਾਹਿਤਯ ਸੰਮੇਲਨ, ਪਰਿਯਾਗ, 1966, ਪੰਨਾ 237.

2 ਭਾਈ ਕਾਨ੍ਹ ਸਿੰਘ ਨਾਭਾ, **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1974, ਪੰਨਾ 248.

3 Sir M. Monior, **A. Sanskrit - English Dictionary**, Motilal Banarsidaas, Delhi, 1956, p. 1115.

4 **The Oxford Companion to English Literature**, Oxford at the Clarenden Press, 1967, p. 740.

5 Alex Preminger (Ed.), **Princeton Encyclopeadia of Poetry and Poetics**, Princeton University Press, 1974, p. 726.

6 ਵਿਸ਼ਾਲ ਭਾਰਦਵਾਜ ਸ਼ਾਸਤਰੀ (ਸੰਪਾ.), **ਮਾਨਕ ਵਿਸ਼ਾਲ ਹਿੰਦੀ ਸ਼ਬਦ ਕੋਸ਼**, ਅਸ਼ੋਕ ਪ੍ਰਕਾਸ਼ਨ, ਦਿੱਲੀ, 2003, ਪੰਨਾ 668.

7 **The Oxford English Dictionary**, Part-9, Clarenden, Oxford University Press, 1989, p. 461.

8 ਸੁਰਿੰਦਰ ਸਿੰਘ ਕੋਹਲੀ (ਸੰਪਾ.), **ਪੰਜਾਬੀ ਸਾਹਿਤ ਕੋਸ਼**, ਪੰਜਾਬ ਯੂਨੀਵਰਸਿਟੀ, ਚੰਡੀਗੜ, ਮਿਤੀਹੀਣ, ਪੰਨਾ 415.

9 ਰਤਨ ਸਿੰਘ ਜੱਗੀ (ਸੰਪਾ.), **ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨਾ 251.

10 ਹਰਿਭਜਨ ਸਿੰਘ (ਡਾ.), **ਸਾਹਿਤ ਤੇ ਸਿਧਾਂਤ**, ਸੀਮਾ ਪ੍ਰਕਾਸ਼ਨ, ਜਲੰਧਰ, 1973, ਪੰਨਾ 15.

11 Alex Preminger, Princeton Encyclopeadia of Poetry and Poetics, Princeton University Press, 1974, p. 761.

12 ਮੈਨੇਜਰ ਪਾਂਡੇ, **ਸ਼ਬਦ ਔਰ ਕ੍ਰਮ**, ਵਾਣੀ ਪ੍ਰਕਾਸ਼ਨ, ਦਿੱਲੀ, 1997, ਪੰਨਾ 48.

13 ਰਵਿੰਦਰ ਰਵੀ, **ਵਣਵਾਣੀ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988, ਪੰਨਾ 349.

14 ਬ੍ਰਹਮਜਗਦੀਸ ਸਿੰਘ, **ਸਿਰਜਣਾ**, ਚੰਡੀਗੜ੍ਹ, ਜਨਵਰੀ ਮਾਰਚ, 1991.

15 ਸੁਖਪਾਲਵੀਰ ਹਸਰਤ, **ਕਾਵਿ ਦਰਸ਼ਨ**, ਨਿਊ ਬੁੱਕ ਕੰਪਨੀ, ਜਲੰਧਰ, 1962, ਪੰਨਾ 137.

16 ਜਸਬੀਰ ਸਿੰਘ ਆਹਲੂਵਾਲੀਆ (ਡਾ.) (ਸੰਪਾ), **ਪ੍ਰਯੋਗਸ਼ੀਲ ਲਹਿਰ ਦਾ ਸਿਧਾਂਤਕ ਪਿਛੋਕੜ**, ਰਾਜਰੂਪ ਪ੍ਰਕਾਸ਼ਨ, ਜਲੰਧਰ, 1963, ਪੰਨਾ 25.

17 ਉਹੀ, ਪੰਨਾ 16.

18 ਰਵਿੰਦਰ ਰਵੀ (ਸੰਪਾ.), **ਪ੍ਰਯੋਗਸ਼ੀਲ ਕਾਵਿ ਦਰਪਨ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1964, ਪੰਨਾ 19.

19 ਰਵਿੰਦਰ ਰਵੀ, **ਅਕੱਥ ਕਥਾ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988, ਪੰਨਾ 350.

20 ਉਹੀ, ਪੰਨਾ 377.

21 ਜਸਬੀਰ ਸਿੰਘ ਆਹਲੂਵਾਲੀਆ (ਡਾ.) (ਸੰਪਾ.), **ਪੰਜਾਬੀ ਆਲੋਚਨਾ ਇੱਕ ਪਰਿਚਯ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨਾ 163.

22 ਅਜਾਇਬ ਕਮਲ, **ਪੰਜ ਦਰਿਆ** (ਅਕਤੂਬਰ 1964), ਪੰਨਾ 55.

23 ਉਹੀ, **ਦਿਲ ਦਰਿਆ ਸਮੁੰਦਰੋਂ ਡੂੰਘੇ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1961, ਪੰਨਾ 115.

24 ਰਵਿੰਦਰ ਰਵੀ, **ਬਿੰਦੂ** ਨੈਸ਼ਨਲ ਬੁੱਕ ਸ਼ਾਪ, ਦਿੱਲੀ, 1965, ਪੰਨਾ 40.

25 ਉਹੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 55.

26 ਉਹੀ, **ਸ਼ਬਦ ਸਾਗਰ**, ਨੈਸ਼ਨਲ ਬੁੱਕ ਸ਼ਾਪ, ਪਲੱਈਅਰ ਗਾਰਡਨ ਮਾਰਕਿਟ, ਚਾਂਦਨੀ ਚੌਕ, ਦਿੱਲੀ, 2004, ਪੰਨਾ 357.

27 ਉਹੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 55.

28 ਉਹੀ, ਪੰਨਾ 41.

29 ਸੁਰਦਰਸ਼ਨ ਗਾਸੋ (ਡਾ.), **ਪਰਵਾਸੀ ਪੰਜਾਬੀ ਕਵਿਤਾ : ਵਿਚਾਰਧਾਰਕ ਪਰਿਪੇਖ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਪੰਨਾ 37.

30 ਰਵਿੰਦਰ ਰਵੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 291.

31 ਚੂਹੜ ਸਿੰਘ, **ਪਰਵਾਸੀ ਪੰਜਾਬੀ ਕਾਵਿ ਚਿੰਤਨ**, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2006, ਪੰਨਾ 37.

32 ਰਵਿੰਦਰ ਰਵੀ, **ਪਿਆਸਾ ਬੱਦਲ** ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 184.

33 ਉਹੀ, ਪੰਨਾ 166.

34 ਉਹੀ, **ਗੰਢਾਂ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1990, ਪੰਨਾ 78-79.

35 ਹਰਿਭਜਨ ਸਿੰਘ (ਡਾ.), **ਸਮਦਰਸ਼ੀ** (ਅਕਤੂਬਰ ਦਸੰਬਰ 1986).

36 ਜਸਵਿੰਦਰ ਸਿੰਘ (ਡਾ.), **ਨਵੀਂ ਪੰਜਾਬੀ ਕਵਿਤਾ : ਪਛਾਣ ਚਿੰਨ੍ਹ**, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2000, ਪੰਨਾ 209.

37 ਰਵਿੰਦਰ ਰਵੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 91.

38 ਰਵਿੰਦਰ ਰਵੀ, **ਸੂਰਜ ਤੇਰਾ ਮੇਰਾ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1990, ਪੰਨਾ 119.

39 ਉਹੀ, ਪੰਨਾ 120.

40 ਸ. ਪ. ਸਿੰਘ (ਡਾ.) (ਸੰਪਾ.), **'ਪਰਵਾਸੀ ਪੰਜਾਬੀ ਸਾਹਿਤ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990, ਪੰਨਾ 80.

41 ਰਵਿੰਦਰ ਰਵੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਦਿੱਲੀ, 1990, ਪੰਨਾ 117.

42 ਉਹੀ, ਪੰਨਾ 118.

43 ਉਹੀ, **ਐਟਸੈਟਰਾ-3, ਮੁਲਾਕਾਤਾਂ**, ਤਰਲੋਚਨ ਪ੍ਰਕਾਸ਼ਨ, ਚੰਡੀਗੜ੍ਹ, 2008, ਪੰਨਾ 90.

44 ਰਵਿੰਦਰ ਰਵੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 68.

45 ਸਤਿੰਦਰ ਸਿੰਘ ਨੂਰ (ਡਾ.), **ਪੰਜਾਬੀ ਟ੍ਰਿਬਿਊਨ**, ਚੰਡੀਗੜ੍ਹ, ਅਪ੍ਰੈਲ 1984.

46 ਰਵਿੰਦਰ ਰਵੀ, **ਸ਼ਬਦ ਸਾਗਰ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2004, ਪੰਨਾ 158-159.

47 ਉਹੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 185.

48 ਉਹੀ, ਪੰਨਾ 133.

49 ਉਹੀ, ਪੰਨਾ 333-334.

50 ਉਹੀ, **ਅਕੱਥ ਕਥਾ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 157.

51 ਉਹੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 42-43.

52 ਉਹੀ, **ਅਕੱਥ ਕਥਾ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 210.

53 ਉਹੀ, **ਆਪਣੇ ਖਿਲਾਫ਼**, ਨਵਯੁ ਪਬਲਿਸ਼ਰਜ਼, ਦਿੱਲੀ, 1986, ਪੰਨਾ 99.

54 ਉਹੀ, ਪੰਨਾ 117.

55 ਉਹੀ, ਪੰਨਾ 98.

56 ਪ੍ਰੇਮ ਪ੍ਰਕਾਸ਼ ਸਿੰਘ, **ਭਾਰਤੀ ਕਾਵਿ ਸ਼ਾਸਤਰ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963, ਪੰਨਾ 203.

57 ਉਹੀ, ਪੰਨਾ 203.

58 ਰਵਿੰਦਰ ਰਵੀ, **ਅਕੱਥ ਕਥਾ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 256.

59 ਉਹੀ, **ਸ਼ੀਸ਼ੇ ਤੇ ਦਸਤਕ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1990, ਪੰਨਾ 184.

60 ਸਤਨਾਮ ਸਿੰਘ ਸੰਧੂ, **ਆਧੁਨਿਕ ਪੰਜਾਬੀ ਕਵਿਤਾ**, ਮਦਾਨ ਪਬਲੀਕੇਸ਼ਨਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 53.

61 Youri Brove, **Aesthetics**, P.P. Moscow, 1985, p. 15.

62 ਰਵਿੰਦਰ ਰਵੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 166.

63 ਉਹੀ, **ਅਕੱਥ ਕਥਾ**, ਨੈਸ਼ਨਲ ਬੁੱਕ ਸ਼ਾਪ, ਦਿੱਲੀ 1990, ਪੰਨਾ 157-159.

64 ਉਹੀ, **ਸ਼ੀਸ਼ੇ ਤੇ ਦਸਤਕ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1990, ਪੰਨਾ 36.

65 ਉਹੀ, **ਬਿੰਦੂ,** ਨੈਸ਼ਨਲ ਬੁੱਕ ਸ਼ਾਪ, ਦਿੱਲੀ, 1965, ਪੰਨਾ 48.

66 ਉਹੀ, **ਵਣਵਾਣੀ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988, ਪੰਨਾ 349.

67 ਉਹੀ, ਪੰਨਾ 329.

68 ਉਹੀ, **ਅਕੱਥ ਕਥਾ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 151.

69 ਦੇਵਿੰਦਰ ਕੌਰ (ਡਾ.), (ਅੰਤਿਕਾ) **ਆਪਣੇ ਖਿਲਾਫ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1990, ਪੰਨਾ 136.

70 ਰਵਿੰਦਰ ਰਵੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਦਿੱਲੀ, 1990, ਪੰਨਾ 102.

71 ਉਹੀ, **ਸ਼ਬਦੋਂ ਪਾਰ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1999, ਪੰਨਾ 155.

72 ਉਹੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 166.

73 ਉਹੀ, ਪੰਨਾ 42.

74 ਉਹੀ, **ਵਣਵਾਣੀ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988, ਪੰਨਾ 89.

75 ਸੁਦਰਸ਼ਨ ਗਾਸੋ (ਡਾ.), **ਪਰਵਾਸੀ ਪੰਜਾਬੀ ਕਵਿਤਾ : ਵਿਚਾਰਧਾਰਕ ਪਰਿਪੇਖ**, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2009, ਪੰਨਾ 39-40.